ਪੰਜਾਬੀ ਜੈਨ ਸਾਹਿਤ ਦੀ ਪ੍ਰੇਰਿਕਾ

ਉਪ- ਪ੍ਰਵਰਤਨੀ ਜੈਨ ਜਯੋਤੀ ਸ਼੍ਰੀ ਸਵਰਨ ਕਾਂਤਾ ਜੀ ਮਹਾਰਾਜ ਵਲੋਂ ਆਸ਼ੀਰਵਾਦ



ਰਵਿੰਦਰ ਜੈਨ ਤੇ ਪ੍ਰਸ਼ੋਤਮ ਜੈਨ ਮਾਲੇਰਕੋਟਲਾ ਪਿਛਲੇ 25 ਸਾਲਾਂ ਤੋਂ ਵੱਧ ਸਮੇਂ ਤੋਂ ਜੈਨ ਸਾਹਿਤ ਦੇ ਅਨੁਵਾਦ ਵਿੱਚ ਲੱਗੇ ਹੋਏ ਹਨ। ਇਹ ਮਿਹਨਤੀ ਸਮਾਜ ਸੇਵਕ ਹਨ। ਸਾਡੀ ਦੀਖਿਆ ਦੇ 50 ਸਾਲ ਪੂਰੇ ਹੋਣ ‘ਤੇ ਇਨ੍ਹਾਂ ਜੋ ਅਭਿਨੰਦਨ ਗ੍ਰੰਥ ਦਾ ਸੰਪਾਦਨ ਕੀਤਾ ਉਸ ਕਾਰਨ ਦੋਹਾਂ ਦੀ ਜੈਨ ਵਿਦਵਾਨਾਂ ਵਿੱਚ ਚੰਗੀ ਪਹਿਚਾਣ ਬਣੀ ਹੈ। ਇਹ ਨਿਸਵਾਰਥੀ ਸੇਵਾ ਕਰਦੇ ਹਨ। ਆਪਣੇ ਕੰਮਾਂ ਕਾਰਨ ਇਹ ਸਾਡੇ ਆਸ਼ੀਰਵਾਦ ਦੇ ਪਾਤਰ ਹਨ। ਇਹ ਇੱਕ ਦੂਸਰੇ ਦੇ ਪੂਰਕ, ਬਹੁ-ਭਾਸ਼ਾਵਾਂ ਦੇ ਜਾਣਕਾਰ, ਸਵਾਧਿਆਏ ਪ੍ਰੇਮੀ, ਧਰਮ ਪ੍ਰਚਾਰਕ ਹਨ। ਸੰਸਤਾਰਕ ਪ੍ਰਕਿਰਣਕ ਜਿਹੇ ਕਠਿਨ ਧਰਮ ਗ੍ਰੰਥ ਦਾ ਪੰਜਾਬੀ ਅਨੁਵਾਦ ਬਹੁਤ ਮਿਹਨਤ ਦਾ ਕੰਮ ਹੈ। ਆਸ ਹੈ ਕਿ ਪੰਜਾਬੀ ਪਾਠਕ ਇਸ ਗ੍ਰੰਥ ਦਾ ਸਵਾਗਤ ਕਰਨਗੇ।

18-3-1998
ਜੈਨ ਸਥਾਨਕ, ਅੰਬਾਲਾ ਸ਼ਹਿਰ

ਸਾਧਵੀ ਸਵਰਨ

ਪ੍ਰਕਾਸ਼ਕ:-
26ਵੀਂ ਮਹਾਵੀਰ ਜਨਮ ਕਲਿਆਣਕ ਸ਼ਤਾਬਦੀ ਸੰਯੋਜਿਕਾ ਸੰਮਿਤੀ, ਪੰਜਾਬ
ਪੁਰਾਣਾ ਬਸ ਸਟੈਂਡ, ਮਹਾਵੀਰ ਸਟਰੀਟ, ਮਾਲੇਰਕੋਟਲਾ (ਸੰਗਰੂਰ)

ਜੂਨੇਰਾ ਕੰਪਿਊਟਰਜ਼
ਦਿੱਲੀ ਗੇਟ ਮਾਲੇਰਕੋਟਲਾ

www: jainworld.com

# ਸੰਸਤਾਰਕ ਪ੍ਰਕੀਰਣਕ

## (ਪੁਰਸ਼ੋਤਮ ਪ੍ਰਗਿਆ)



**ਲੇਖਕ ਅਤੇ ਅਨੁਵਾਦਕ:**
**ਪੁਰਸ਼ੋਤਮ ਜੈਨ - ਰਵਿੰਦਰ ਜੈਨ**

# ਸੰਸਤਾਰਕ ਪ੍ਰਕੀਰਣਕ

## Sanstarik Prkirnik




ਪੰਜਾਬੀ ਅਨੁਵਾਦਕ – ਲੇਖਕ:

ਪੁਰਸ਼ੋਤਮ ਜੈਨ ਰਵਿੰਦਰ ਜੈਨ

ਪ੍ਰਕਾਸ਼ਕ:

26 ਵੀਂ ਮਹਾਵੀਰ ਜਨਮ ਕਲਿਆਨਕ ਸ਼ਤਾਵਦੀ ਸੱਯੋਜਿਕਾ ਸੰਮਤੀ ਪੰਜਾਬ

ਪੂਰਾਣਾ ਬੱਸ ਸਟੈਂਡ ਮਹਾਵੀਰ ਸਟਰੀਟ, ਮਾਲੇਰਕੋਟਲਾ ਜ਼ਿਲ੍ਹਾ ਸੰਗਰੂਰ।

# ਆਸ਼ਿਰਵਾਦ

ਪੁਰਸ਼ੋਤਮ ਪ੍ਰਗਿਆ ਕਾਫੀ ਸਮੇਂ ਤੋਂ ਪੰਜਾਬੀ ਪਾਠਕਾਂ ਨੂੰ ਜੈਨ ਧਰਮ ਸੰਬੰਧੀ ਪ੍ਰਮਾਣਿਕ ਸਮੱਗਰੀ ਪੇਸ਼ ਕਰਦੀ ਆ ਰਹੀ ਹੈ। ਆਗਮਾ ਅਨੁਵਾਦ ਦਾ ਕੰਮ ਮਹਾਂਸ਼੍ਰਮਣੀ ਪ੍ਰਭਾਵਿਕਾ, ਉਪਪ੍ਰਵਰਤਨੀ ਜੈਨ ਜਯੋਤੀ ਸ਼੍ਰੀ ਸਵਰਨ ਕਾਂਤਾ ਜੀ ਮਹਾਰਾਜ ਦੀ ਦੇਖ-ਰੇਖ ਤੇ ਆਸ਼ਿਰਵਾਦ ਹੇਠ ਚੱਲ ਰਿਹਾ ਹੈ। ਸਾਲ ਵਿੱਚ ਮੇਰੇ ਧਰਮ ਭਰਾਤਾ ਸ਼੍ਰੀ ਰਵਿੰਦਰ ਜੈਨ ਇਸ ਪੱਤ੍ਰਿਕਾ ਦੇ ਦੋ ਅੰਕ ਮੈਨੂੰ ਸਮਰਪਿਤ ਕਰਦੇ ਹਨ। ਸ਼੍ਰੀ ਰਵਿੰਦਰ ਜੈਨ ਮੇਰੇ ਵਲੋਂ ਹਰ ਤਰ੍ਹਾਂ ਦੇ ਆਸ਼ੀਰਵਾਦ ਦਾ ਪਾਤਰ ਹੈ, ਕਿਉਂਕਿ ਉਹ ਜਿਥੇ ਆਪਣੇ ਕਰਤੱਵ ਪ੍ਰਤੀ ਜਿੱਥੇ ਜਾਗਰੁਕ ਹੈ, ਉੱਥੇ ਸਾਹਿਤ ਪ੍ਰਤੀ ਵੀ ਜਾਗਰੁਕ ਹੈ। ਜਿੰਦਗੀ ਦੇ 30 ਸਾਲ ਸਾਨੂੰ ਮਿਲਿਆਂ ਨੂੰ ਹੋ ਗਏ ਹਨ। ਜੈਨ ਸਾਹਿਤ ਦੀ ਜਿੰਨੀ ਸੇਵਾ ਮੇਰੇ ਪਾਸੋਂ ਅਤੇ ਮੇਰੇ ਧਰਮ ਭਰਾ ਸ਼੍ਰੀ ਰਵਿੰਦਰ ਜੈਨ ਪਾਸੋਂ ਹੋਈ ਹੈ, ਉਸਨੂੰ ਹੀ ਅਸੀਂ ਸੱਚਾ ਜੀਵਨ ਮੰਨਦੇ ਹਾਂ। ਮੇਰਾ ਸੁਭਾਗ ਹੈ ਕਿ ਮੈਨੂੰ ਅਜਿਹਾ ਸ਼ਿਸ਼ ਪ੍ਰਾਪਤ ਹੋਇਆ ਹੈ ਜੋ ਸਹਿਜ ਹੀ ਧਰਮ ਪ੍ਰਤੀ ਜਾਗਰਿਤ ਹੈ ਅਤੇ ਹੋਰਾਂ ਨੂੰ ਵੀ ਜਾਗਰਿਤ ਰਖਦਾ ਹੈ। ਉਹ ਮੇਰੇ ਪ੍ਰਤੀ ਸਮਰਪਿਤ ਆਤਮਾ ਹੈ। ਇਹ ਸਮਰਪਣ ਹੀ ਧਰਮ ਬੀਜ ਹੈ।

ਅੱਜ ਦਾ ਦਿਨ ਸਾਡੇ ਲਈ ਰਿਸ਼ਤੇ ਅਨੁਸਾਰ ਦੇਵ ਗੁਰੂ ਧਰਮ ਪ੍ਰਤੀ ਸਮਰਪਣ ਦਿਵਸ ਹੈ। ਇਸ ਮੌਕੇ ਤੇ ਮੇਰੇ ਧਰਮ ਭਰਾ ਨੇ ਮੈਨੂੰ ਇਹ ਗ੍ਰੰਥ ਸਮਰਪਿਤ ਕੀਤਾ ਹੈ। ਮੈਂ ਅੰਤਕਰਣ ਤੋਂ ਉਸ ਦੀ ਇਹ ਭੇਂਟ ਸਵੀਕਾਰ ਕਰਦਾ ਹਾਂ ਅਤੇ ਰਿਸ਼ਤੇ ਅਨੁਸ਼ਾਰ ਆਸ਼ੀਰਵਾਦ ਦਿੰਦਾ ਹੋਇਆ ਇਹ ਚਾਹੁੰਦਾ ਹਾਂ ਕਿ ਉਹ ਇਸੇ ਪ੍ਰਕਾਰ ਮੇਰੀ ਅਤੇ ਜੈਨ ਧਰਮ ਦੀ ਸੇਵਾ ਕਰਦਾ ਰਹੇ।

ਸੰਸਤਾਰਕ ਪ੍ਰਕਿਣਕ ਗ੍ਰੰਥ ਦਾ ਪੰਜਾਬੀ ਅਨੁਵਾਦ ਪਾਠਕਾਂ ਨੂੰ ਭੇਂਟ ਕਰਦਿਆਂ, ਅਸੀਂ ਖੁਸ਼ੀ ਮਹਿਸੂਸ ਕਰਦੇ ਹਾਂ ਅਤੇ ਭੱਵਿਖ ਵਿੱਚ ਚੰਗਾ ਸਾਹਿਤ ਭੇਂਟ ਕਰਨ ਦਾ ਵਾਅਦਾ ਕਰਦੇ ਹਾਂ।

31-3-1998 ਸ਼ੁਭਚਿੰਤਕ

ਮੰਡੀ ਗੋਬਿੰਦਗੜ੍ਹ (ਪੁਰਸ਼ੋਤਮ ਜੈਨ)

# ਭੂਮਿਕਾ

ਜੈਨ ਧਰਮ ਦੇ ਸ਼ਵੇਤਾਂਵਰ ਅਰਧ ਮਾਗਧੀ ਸਾਹਿਤ ਨੂੰ ਲਿਖਿਤ ਰੂਪ ਆਚਾਰਿਆ ਦੇਵ ਅਰਧੀਗਣੀ ਸਮਾ ਸ਼੍ਰਮਣ ਨੇ ਮਹਾਵੀਰ ਸੰਮਤ 980 ਨੂੰ ਗੁਜਰਾਤ ਦੇ ਬਲੱਭੀ ਸ਼ਹਿਰ ਵਿੱਚ ਹੋਏ ਵਿਸ਼ਾਲ ਮੁਨੀ ਸੰਮੇਲਨ ਵਿੱਚ ਦਿੱਤਾ। ਪਹਿਲਾਂ ਇਹ ਸਾਰਾ ਜੈਨ ਸਾਹਿਤ ਸਾਧੂ ਵਰਗ ਨੂੰ ਮੂੰਹ-ਜ਼ੁਬਾਨੀ ਸੀ। ਪਰ ਜਦੋ ਯਾਦ ਸ਼ਕਤੀ ਘਟਣ ਲੱਗੀ ਤਾਂ ਸਾਧੂ ਸਮਾਜ ਲਿਖਤ ਸਾਹਿਤ ਦੀ ਮਹੱਤਤਾ ਨੂੰ ਸਮਝਣ ਲੱਗਾ। ਇੱਕ ਦੂਸਰਾ ਕਾਰਨ ਇਹ ਵੀ ਸੀ, ਕਿ ਯਾਦ ਸ਼ਕਤੀ ਘੱਟ ਹੋ ਜਾਣ ਕਾਰਨ ਅਤੇ ਰਾਜਨੀਤਿਕ ਉਥਲ-ਪੁਥਲ ਕਾਰਨ ਸਾਹਿਤ ਦਾ ਵਿਨਾਸ਼ ਹੋਣ ਲੱਗ ਪਿਆ। ਇਸ ਉਥਲ ਪੁਥਲ ਵਿੱਚ 12ਵਾਂ ਦਰਿਸ਼ਟੀਵਾਦ ਅੰਗ ਤਾਂ ਸਮੁੱਚਾ ਸਮਾਪਤ ਹੋ ਗਿਆ। ਆਚਾਰੰਗ ਸੂਤਰ ਦਾ ਇੱਕ ਅਧਿਐਨ ਖਤਮ ਹੋ ਗਿਆ। ਪ੍ਰਸ਼ਨ ਵਿਆਕਰਣ ਸੂਤਰ ਦਾ ਸਮੁੱਚਾ ਵਿਸ਼ਾ ਹੀ ਬਦਲ ਗਿਆ।

ਵਰਤਮਾਨ ਗ੍ਰੰਥ ਦਾ ਜੋ ਸਵਰੂਪ ਨੰਦੀ ਸੂਤਰ ਵਿੱਚ ਮਿਲਦਾ ਹੈ, ਉਨ੍ਹਾਂ ਵਿਚੋਂ ਕਿਸੇ ਦੇ ਸ਼ਲੋਕ, ਪਦ, ਕਹਾਣੀਆਂ ਵੀ ਪੂਰੀਆਂ ਨਹੀਂ ਹਨ। ਕਈ ਗ੍ਰੰਥਾਂ ਦੇ ਨਾਮ ਰਹਿ ਗਏ ਹਨ ਪਰ ਗ੍ਰੰਥ ਸਮਾਪਤ ਹੋ ਚੁੱਕੇ ਹਨ। ਸੰਸਾਤਰਕ ਪ੍ਰਕਿਣਕ ਨੰਦੀ ਸੂਤਰ ਦੀ ਸੂਚੀ ਵਿੱਚ ਦਰਜ ਨਹੀਂ ਹੈ। ਆਗਮ ਦੀਆਂ ਦੋ ਸ਼੍ਰੇਣੀਆਂ ਹਨ: ਕਾਲਿਕ ਤੇ ਉਤਕਾਲਿਕ। ਸ਼ਾਸਤਰ ਉਤਕਾਲਿਕ ਸ਼੍ਰੇਣੀ ਵਿੱਚ ਪ੍ਰਕਿਣਕ ਸੂਤਰ ਆਉਂਦੇ ਹਨ। ਪ੍ਰਾਚੀਨ ਗ੍ਰੰਥਾਂ ਵਿੱਚੋਂ ਆਚਾਰਿਆ ਜਿਨ ਚੰਦਰ ਸੂਰੀ ਨੇ 14ਵੀ ਸਦੀ ਵਿੱਚ ਲਿਖੇ ਆਪਣੇ ਗ੍ਰੰਥ 'ਵਿਧਿ ਮਾਰਗ ਪ੍ਰਪਾ' ਵਿੱਚ ਇਸ ਦਾ ਵਰਨਣ ਕੀਤਾ ਹੈ। ਇਸ ਗ੍ਰੰਥ ਤੋਂ ਪਤਾ ਚਲਦਾ ਹੈ ਕਿ ਇਹ ਗ੍ਰੰਥ ਨੰਦੀ ਸੂਤਰ ਦੇ ਪਾਕਸ਼ਿਕ ਸੂਤਰ ਤੋਂ ਬਾਅਦ ਦਾ ਹੈ। ਇਸ ਸੂਤਰ ਦੀ ਰਚਨਾ ਮੋਰਿਆ ਸਮਰਾਟ ਚੰਦਰ ਗੁਪਤ ਮੋਰਿਆ ਦੇ ਸਮੇਂ ਦੇ ਕਰੀਬ ਹੈ ਕਿਉਂਕਿ ਇਸ ਗ੍ਰੰਥ ਵਿੱਚ ਚੰਦਰ ਗੁਪਤ ਮੋਰਿਆ ਦਾ ਨਾਂ ਸਤਕਾਰ ਨਾਲ ਆਇਆ ਹੈ।

ਵਿਸ਼ਾ:

ਜੈਨ ਧਰਮ ਵਿੱਚ ਸਮਾਧੀ ਮਰਨ ਦਾ ਆਪਣਾ ਮਹੱਤਵ ਹੈ। ਉਂਝ ਜੀਵਨ ਤੇ ਮੌਤ ਦਾ ਨਾਉਂ ਸੰਸਾਰ ਹੈ ਪਰ ਜਿਵੇਂ ਜੀਵਨ ਸੁਖੀ ਹੋਣਾ ਚਾਹੀਦਾ ਹੈ

ਉਸੇ ਪ੍ਰਕਾਰ ਮੌਤ ਵੀ ਸਮਾਧੀ ਸੁਖ ਵਾਲੀ ਹੋਣੀ ਚਾਹੀਦੀ ਹੈ। ਸ਼੍ਰੀ ਉਤਰਾਧਿਐਨ ਸੂਤਰ ਵਿੱਚ ਸਮਾਧੀ ਮਰਨ ਦੋ ਪ੍ਰਕਾਰ ਦਾ ਆਖਿਆ ਗਿਆ ਹੈ: ਸਮਾਧੀ ਮਰਨ ਅਤੇ ਬਾਲ ਮਰਨ। ਸਮਾਧੀ ਮਰਨ ਨੂੰ ਪੰਡਿਤ ਮਰਨ ਵੀ ਆਖਿਆ ਗਿਆ ਹੈ। ਦੂਸਰਾ ਬਾਲ ਮਰਨ ਹੈ ਜੋ ਅਗਿਆਨੀਆਂ ਦਾ ਮਰਨ ਹੈ। ਇਸ ਸੂਤਰ ਦੇ 5/32 ਅਧਿਐਨ ਵਿੱਚ ਆਖਿਆ ਗਿਆ ਹੈ:-

"ਜੋ ਮੌਤ ਤੋਂ ਭੈਅ ਮੰਨਦਾ ਹੈ ਉਸ ਤੋਂ ਬਚਾਓ ਕਰਦਾ ਹੈ, ਮੌਤ ਹਮੇਸ਼ਾ ਉਸਦਾ ਪਿੱਛਾ ਕਰਦੀ ਹੈ, ਪਰ ਜੋ ਭੈਅ ਰਹਿਤ ਹੈ, ਉਸ ਦਾ ਮੌਤ ਵੀ ਸਵਾਗਤ ਕਰਦੀ ਹੈ। ਉਸ ਨੂੰ ਗਲ ਨਾਲ ਲਾਉਂਦੀ ਹੈ। ਉਸ ਗਿਆਨੀ ਲਈ ਮੌਤ ਦਾ ਅਰਥ ਬੇਕਾਰ ਹੋ ਜਾਂਦਾ ਹੈ। ਜੋ ਮੌਤ ਤੋਂ ਨਿਰਭੈ ਹੋ ਜਾਂਦਾ ਹੈ ਉਹ ਅਮਰ ਹੋ ਜਾਂਦਾ ਹੈ। ਗਿਆਨੀ ਭਾਵ ਨਾਲ ਸ਼ਰੀਰ ਇੱਛਾ ਪੂਰਵਕ ਤਿਆਗ ਦਾ ਹੈ ਉਹ ਸਵਾਰਥ, ਹਰ, ਇੱਛਾਵਾਂ, ਵਾਸ਼ਨਾਵਾਂ ਦੇ ਨਾ ਮਿਲਣ ਕਾਰਨ ਮਰਨਾ ਆਤਮ ਹੱਤਿਆ ਹੈ, ਪਰ ਇਨ੍ਹਾਂ ਤੋਂ ਉਲਟ ਸ਼ਰੀਰ ਨੂੰ ਸੰਸਾਰਿਕ ਵਸਤਾਂ ਤੋਂ ਹਟਾ ਸਮਾਧੀ ਵੱਲ ਲਾਉਣਾ ਪੰਡਿਤ ਮਰਨ ਹੈ। ਆਚਾਰਿਆ ਸੰਮਤਭੱਦਰ ਨੇ ਸੰਲੇਖਣਾ ਸੰਥਾਰੇ ਦੀ ਪਰਿਭਾਸ਼ਾ ਕਰਦੇ ਹੋਏ ਰਤਨਕਰੰਡ ਸ਼੍ਰਾਵਕਾਚਾਰ ਅਧਿਐਨ 5 ਵਿੱਚ ਆਖਿਆ ਹੈ:-

"ਕਸ਼ਟ, ਅਕਾਲ, ਬੁਢਾਪਾ ਅਤੇ ਨਾ ਠੀਕ ਹੋਣ ਵਾਲੇ ਰੋਗ ਆ ਜਾਣ ਤੇ ਸਰੀਰ ਤਿਆਗ ਨੂੰ ਸੰਖੇਲਨਾ ਆਖਦੇ ਹਨ"। ਸੰਖੇਲਨਾ ਸਾਧੂ ਤੇ ਉਪਾਸ਼ਕ ਦੋਹਾਂ ਲਈ ਵਰਤ ਲਾਜ਼ਮੀ ਹੈ।

ਸਮਾਧੀ ਮਰਨ ਦੇ ਦੋ ਭੇਦ ਹਨ: 1. ਸਾਗਾਰੀ ਸੰਥਾਰਾ, 2. ਆਮ ਸੰਥਾਰਾ। ਸਾਗਾਰੀ ਸੰਥਾਰਾ ਅਚਾਨਕ ਕਸ਼ਟ ਆ ਜਾਣ 'ਤੇ ਧਾਰਨ ਕੀਤਾ ਜਾਂਦਾ ਹੈ ਜਦ ਸੰਥਾਰਾ ਕਰਨ ਵਾਲਾ ਉਸ ਕਸ਼ਟ ਤੋਂ ਮੁਕਤ ਹੋ ਜਾਂਦਾ ਹੈ ਤਾਂ ਉਹ ਫਿਰ ਆਪਣੀ ਜਿੰਦਗੀ ਸ਼ੁਰੂ ਕਰ ਸਕਦਾ ਹੈ।

ਆਮ ਸੰਥਾਰਾ ਸੁਭਾਵਿਕ ਸੰਥਾਰਾ ਹੈ ਜਦੋਂ ਨਾ ਖਤਮ ਹੋ ਜਾਣ ਵਾਲੇ ਰੋਗ ਕਾਰਨ ਜੀਵਨ ਦੀ ਹਰ ਆਸ਼ਾ ਖਤਮ ਹੋ ਜਾਵੇ, ਤਾਂ ਸਾਧਕ ਖੁਸ਼ੀ ਖੁਸ਼ੀ ਮੌਤ ਦਾ ਸਵਾਗਤ ਕਰਦਾ ਹੈ। ਸਾਰੇ ਜ਼ਿੰਦਗੀ ਲਈ, ਦੇਹ ਪ੍ਰਤੀ ਪਿਆਰ ਅਤੇ ਸ਼ਰੀਰ ਦਾ ਪਾਲਣ - ਪੋਸ਼ਨ ਤਿਆਗ ਦਾ ਹੈ, ਜੋ ਮੌਤ ਤੱਕ ਜਾਰੀ ਰਹਿੰਦਾ ਹੈ।

ਜੈਨ ਆਗਮਾ ਵਿੱਚ ਸੰਥਾਰੇ ਦੀ ਵਿਧੀ ਦੱਸੀ ਗਈ ਹੈ। ਪਹਿਲਾ ਮਲ ਮੂਤਰ, ਗੰਦਾ ਪਦਾਰਥ ਸੁੱਟਣ ਯੋਗ ਥਾਂ ਵੇਖ ਕੇ ਘਾਹ ਦਾ ਵਿਛੋਣਾ ਤਿਆਰ ਕਰੇ। ਫਿਰ ਅਰਿਹੰਤ, ਸਿਧ, ਸਾਧੂ ਨੂੰ ਬਿਨੈ ਪੂਰਵਕ ਨਮਸਕਾਰ ਕਰਕੇ ਪਹਿਲਾਂ ਗ੍ਰਹਿਣ ਕੀਤੇ ਵਰਤਾਂ ਨੂੰ ਲੱਗੇ ਦੋਸ਼ਾ ਦਾ ਪ੍ਰਾਸ਼ਚਿਤ ਕਰੇ। ਉਸ ਤੋਂ ਬਾਅਦ 84 ਲੱਖ ਜੂਨੀਆਂ ਦੇ ਜੀਵਾਂ ਤੋਂ ਖਿਮਾ ਮੰਗੇ, ਫਿਰ 18 ਪ੍ਰਕਾਰ ਦੇ ਪਾਪਾਂ ਦਾ ਤਿਆਗ ਕਰੇ। 4 ਪ੍ਰਕਾਰ ਦੇ ਭੋਜਨ ਦਾ ਤਿਆਗ ਕਰਕੇ ਸ਼ਰੀਰ ਦੀ ਮਮਤਾ ਦਾ ਤਿਆਗ ਕਰੇ।

ਬੁੱਧ ਪ੍ਰੰਪਰਾ ਤੇ ਹਿੰਦੂ ਪ੍ਰੰਪਰਾ ਵਿੱਚ ਵੀ ਸੰਥਾਰੇ ਦੇ ਅੰਸ਼ ਮਿਲਦੇ ਹਨ। ਪਰ ਜੈਨ ਸੰਥਾਰੇ ਦੇ ਨਾਲ ਨਹੀਂ ਮਿਲਦੇ। ਜੈਨ ਆਚਾਰਿਆ ਨੇ ਸਮਾਧੀ ਮਰਨ ਦੇ ਪੰਜ ਦੋਸ਼ ਦੱਸੇ ਹਨ, ਜੋ ਤਿਆਗਣ ਯੋਗ ਹਨ:-

1. ਜੀਵਨ ਦੀ ਇੱਛਾ
2. ਮੌਤ ਦੀ ਇੱਛਾ
3. ਇਸ ਲੋਕ ਵਿੱਚ ਸੁੱਖ ਦੀ ਇੱਛਾ
4. ਪਰਲੋਕ ਵਿੱਚ ਸੁੱਖ ਦੀ ਇੱਛਾ
5. ਇੰਦਰੀਆਂ ਦੇ ਵਿਸ਼ੇ ਭੋਗ ਸੁੱਖ ਦੀ ਇੱਛਾ

ਸਮਾਧੀ ਮਰਨ ਆਤਮ ਹੱਤਿਆ ਨਹੀਂ। ਆਤਮ ਹੱਤਿਆ ਸੰਸਾਰਿਕ ਸੁੱਖਾ ਨੂੰ ਨਾ ਮਿਲਣ ਕਾਰਨ ਕੀਤੀ ਜਾਂਦੀ ਹੈ, ਪਰ ਸੰਥਾਰੇ ਵਿੱਚ ਸੁੱਖ ਤਿਆਗ ਕੀਤੇ ਜਾਂਦੇ ਹਨ। ਆਚਾਰੰਗ ਸੂਤਰ ਵਿੱਚ ਸਮਾਧੀ ਮਰਨ ਨੂੰ 3 ਪ੍ਰਕਾਰ ਦਾ ਆਖਿਆ ਗਿਆ ਹੈ:-

1. ਭਗਤ ਪਛਖਾਣ
2. ਇੰਗਤ ਮਰਨ
3. ਪਾਦ ਪੋਗਮਨ ਮਰਨ

ਭਗਤ ਪਛਖਾਣ ਮਰਨ ਵਿੱਚ ਖਾਲੀ ਭੋਜਨ ਦਾ ਤਿਆਗ ਕੀਤਾ ਜਾਂਦਾ ਹੈ, ਪਰ ਸਰੀਰ ਦੀ ਹਰਕਤ ਦੀ ਕੋਈ ਹੱਦ ਨਿਸ਼ਚਿਤ ਨਹੀਂ ਕੀਤੀ ਜਾਂਦੀ ਹੈ। ਇੰਗਤ ਮਰਨ ਵਿੱਚ ਸਰੀਰ ਦੇ ਹਿੱਲਣ - ਚਲੱਣ ਅਤੇ ਘੁੰਮਣ ਦੀ ਹੱਦ ਨਿਸ਼ਚਿਤ ਕੀਤੀ ਜਾਂਦੀ ਹੈ। ਇਹ ਇੱਕ ਖਾਸ ਖੇਤਰ ਤੱਕ ਹੀ ਨਿਸ਼ਚਿਤ ਹੁੰਦੀ

ਹੈ। ਪਾਦ ਪੋਗਮਨ ਮਰਨ ਵਿੱਚ ਭੋਜਨ ਤਿਆਗ ਦੇ ਨਾਲ ਨਾਲ ਸ਼ਰੀਰ ਕ੍ਰਿਆਵਾਂ (ਹਰਕਤਾਂ) ਨੂੰ ਮੌਤ ਤੱਕ ਸੀਮਿਤ ਕਰਕੇ ਲੱਕੜ ਦੇ ਫੱਟੇ 'ਤੇ ਸਥਿਰ ਪੈਣਾ ਹੈ।

ਸਮਾਧੀ ਮਰਨ ਤੇ ਬਹੁਤ ਸਾਰਾ ਸਾਹਿਤ ਜੈਨ ਧਰਮ ਵਿੱਚ ਪ੍ਰਾਪਤ ਹੁੰਦਾ ਹੈ। ਸੰਸਤਾਰ ਪ੍ਰਕਿਣਕ ਦਾ ਇਹ ਪਾਠ ਮੁਨੀ ਸ਼੍ਰੀ ਪੁਨੇ ਵਿਜੈ ਜੀ ਰਾਹੀਂ ਸੰਪਾਦਿਕ ਸੰਗ੍ਰਹਿ ਤੋਂ ਲਿਆ ਗਿਆ ਹੈ। ਇਸ ਦੀਆਂ 122 ਗਾਥਾਵਾਂ ਹਨ। ਇਸ ਗ੍ਰੰਥ ਦਾ ਰਚਨਾ ਕਾਲ 7 - 8 ਸਦੀ ਹੋ ਸਕਦੀ ਹੈ। ਜਾਪਦਾ ਹੈ ਇਹ ਗ੍ਰੰਥ ਬਲਭੀ ਵਾਚਨਾ ਤੋਂ ਬਾਅਦ ਰਚਿਆ ਗਿਆ।

ਪੰਜਾਬੀ ਅਨੁਵਾਦ ਵਿੱਚ ਅਸੀਂ 31 ਮਾਰਚ, 1998 ਨੂੰ ਇਹ ਗ੍ਰੰਥ ਨੂੰ ਪੁਰਸ਼ੋਤਮ ਪ੍ਰਗਿਆ ਦੇ ਅੰਕ ਵਿੱਚ ਛਾਪਣ ਦਾ ਫੈਸਲਾ ਕੀਤਾ ਹੈ। ਆਸ ਹੈ ਪੰਜਾਬੀ ਪਾਠਕ ਇਸ ਦਾ ਸਵਾਗਤ ਕਰਨਗੇ ਅਤੇ ਆਗਮ ਵਿੱਚ ਰਹਿ ਗਈਆਂ ਗਲਤੀਆਂ ਲਈ ਮੁਆਫ ਕਰਨਗੇ।

31-3-1998 ਸ਼ੁਭਚਿੰਤਕ,
ਮੰਡੀ ਗੋਬਿੰਦਗੜ੍ਹ ਪੁਰਸ਼ੋਤਮ ਜੈਨ, ਰਵਿੰਦਰ ਜੈਨ
ਜ਼ਿਲ੍ਹਾ ਫਤਿਹਗੜ੍ਹ ਸਾਹਿਬ (ਅਨੁਵਾਦਕ)

# ਸਮਰਪਣ



ਧਰਮ ਭਰਾ ਸ਼੍ਰਮਣੋਪਾਸਕ
ਸ਼੍ਰੀ ਪੁਰਸ਼ੋਤਮ ਜੈਨ ਸਾਹਿਬ ਮੰਡੀ ਗੋਬਿੰਦਗੜ੍ਹ
ਨੂੰ ਸਮਰਪਣ ਦਿਵਸ ਦੇ ਸ਼ੁਭ ਮੌਕੇ ਤੇ
ਸ਼ਰਧਾ ਤੇ ਪ੍ਰੇਮ ਨਾਲ ਭੇਂਟ

## ਭੇਂਟ ਕਰਤਾ: ਰਵਿੰਦਰ ਜੈਨ

ਮਾਲੇਰਕੋਟਲਾ 31-03-1998

परस्परोपग्रहो
जीवनाम्

# ਇੱਕ ਇੰਦਰੀ ਤੋਂ ਲੈ ਕੇ ਪੰਜ ਇੰਦਰੀਆਂ ਵਾਲੇ ਜੀਵ




26ਵੀਂ ਮਹਾਂਵੀਰ ਜਨਮ ਕਲਿਆਣ ਸ਼ਤਾਬਦੀ ਸੰਯੋਜਕਾ ਸਮਿਤੀ ਪੰਜਾਬ
ਮਹਾਂਵੀਰ ਸਟਰੀਟ, ਪੁਰਾਣਾ ਬਸ ਸਟੈਂਡ, ਮਾਲੇਰਕੋਟਲਾ-148023

ਸ਼੍ਰੀ ਨਿਰਯਾਵਲਿਕਾ ਸੂਤਰ

# ਸ਼੍ਰੀ ਨਿਰਯਾਵਲਿਕਾ ਸੂਤਰ




ਅਨੁਵਾਦਕ : ਪੁਰਸ਼ੋਤਮ ਜੈਨ - ਰਵਿੰਦਰ ਜੈਨ

# ਸੰਸਤਾਰਕ ਪ੍ਰਕੀਣਕ

## ਮੰਗਲਾਚਰਨ ਅਤੇ ਸੰਥਾਰੇ ਦਾ ਉਦੇਸ਼:

ਜਿਨ ਸਰੇਸ਼ਟ (ਆਤਮਜੇਤੂ) ਰਿਸ਼ਵ ਅਤੇ ਮਹਾਵੀਰ ਨੂੰ ਨਮਸਕਾਰ ਕਰਕੇ ਸੰਸਤਾਰਕ ਨਾਉਂ ਦੇ ਇਸ ਗਰੰਥ ਵਿੱਚ ਵਰਨਣ ਕੀਤੀ ਆਚਾਰ ਵਿਵਸਥਾ (ਗੁਣਾਂ ਪ੍ਰੰਪਰਾ) ਨੂੰ ਤੁਸੀਂ ਧਿਆਨ ਪੂਰਵਕ ਸੁਣੋ। ॥1॥

ਇਹ ਅਰਾਧਨਾ (ਸਮਾਧੀ ਮਰਨ) ਸੰਜਮੀ ਲੋਕਾਂ ਦੇ ਜੀਵਨ ਦਾ ਮਨੋਰਥ ਹੁੰਦਾ ਹੈ। ਜੀਵਨ ਦੇ ਆਖਰੀ ਭਾਗ ਵਿੱਚ ਇਸ ਨੂੰ ਸਵੀਕਾਰ ਕਰਨਾ, ਨਿਸ਼ਚੈ (ਸੱਚਮੁੱਚ) ਹੀ ਸੰਜਮੀ ਲੋਕਾਂ ਦੇ ਲਈ ਜਿੱਤ ਦਾ ਝੰਡਾ ਲਹਿਰਾਉਣ ਦੀ ਤਰ੍ਹਾਂ ਹੈ। ॥2॥

ਦਰਿਦਰੀ ਆਦਮੀ ਸੰਪਤੀ ਪ੍ਰਾਪਤੀ, ਫਾਂਸੀ ਨੂੰ ਪ੍ਰਾਪਤ ਆਦਮੀ ਲਈ ਫਾਂਸੀ ਦੀ ਮੁਆਫੀ, ਲੜ ਰਹੇ ਯੋਧਾਵਾਂ ਲਈ, ਜਿਵੇਂ ਜਿੱਤ ਦਾ ਝੰਡਾ ਲਹਿਰਾਣਾ ਜਿੰਦਗੀ ਦਾ ਅੰਤਿਮ ਉਦੇਸ਼ ਹੁੰਦਾ ਹੈ, ਉਸੇ ਪ੍ਰਕਾਰ ਸੰਜਮੀ ਲੋਕਾਂ ਦੇ ਜਿਉਣ ਦਾ ਉਦੇਸ਼ ਸਮਾਧੀ ਮਰਨ (ਸੰਥਾਰਾ) ਹੁੰਦਾ ਹੈ। ॥3॥

ਜਿਸ ਪ੍ਰਕਾਰ ਮਣਿਆਂ ਵਿੱਚ ਵੇਡੂਰਿਆ ਮਣੀ, ਸੁਗੰਧਿਤ ਪਦਾਰਥਾਂ ਵਿੱਚ ਗੋਸ਼ੀਰਸ਼ ਚੰਦਨ ਅਤੇ ਰਤਨਾਂ ਵਿੱਚ ਬਜਰ ਸਰੇਸ਼ਟ (ਉੱਤਮ) ਹੈ, ਉਸੇ ਪ੍ਰਕਾਰ ਸੰਜਮੀ ਲੋਕਾਂ ਦੇ ਲਈ ਉੱਤਮ ਮੌਤ ਸਮਾਧੀ ਮਰਨ ਹੀ ਸਰੇਸ਼ਟ ਹੈ। ॥4॥

ਜਿਸ ਪ੍ਰਕਾਰ ਸਰੇਸ਼ਟ ਪੁਰਸ਼ਾਂ ਵਿੱਚ ਸਰੇਸ਼ਟ ਕਮਲ ਦੀ ਤਰ੍ਹਾਂ ਅਰਿਹੰਤ ਅਤੇ ਸੰਸਾਰ ਦੀਆਂ ਸਭ ਸਰੇਸ਼ਟ ਔਰਤਾਂ ਵਿੱਚੋਂ ਤੀਰਥੰਕਰ ਦੀ ਮਾਤਾ ਪੂਜਣਯੋਗ ਹੈ। ਉਸੇ ਪ੍ਰਕਾਰ ਸੰਜਮੀ ਜੀਵਨ ਵਿੱਚ ਸਮਾਧੀ ਮਰਨ ਸਰੇਸ਼ਟ ਹੈ। ਜਿਸ ਪ੍ਰਕਾਰ ਸਾਰੇ ਵੰਸ਼ਾਂ ਵਿਚੋਂ ਤੀਰਥੰਕਰ ਦਾ ਵੰਸ਼, ਕੁਲਾਂ ਵਿਚੋਂ ਸ਼੍ਰਾਵਕ ਕੁਲ, ਗਤਿਆਂ ਵਿੱਚੋਂ ਸਿਧ ਗਤਿ, ਸੁੱਖਾਂ ਵਿਚੋਂ ਮੁਕਤੀ ਦਾ ਸੁਖ, ਧਰਮਾਂ ਵਿਚੋਂ ਅਹਿੰਸਾ ਧਰਮ, ਮਨੁੱਖਾਂ ਦੇ ਵਚਨਾਂ ਵਿਚੋਂ ਸਾਧੂ ਵਚਨ, ਸਰੁਤ ਗਿਆਨ ਵਿੱਚੋਂ ਜਿਨ (ਤੀਰਥੰਕਰ) ਵਚਨ, ਅਤੇ ਸ਼ੁਧੀਆਂ ਵਿਚੋਂ ਸਮਿਅਕ

(ਸਹੀ) ਦਰਸ਼ਨ (ਵਿਸ਼ਵਾਸ) ਉੱਤਮ ਹੈ ਉਸੇ ਪ੍ਰਕਾਰ ਸਭ ਧਾਰਮਿਕ ਸਾਧਨਾਵਾਂ ਵਿਚੋਂ ਸਮਾਧੀ ਮਰਨ ਉੱਤਮ ਹੈ। ॥6-7॥

ਕਲਿਆਣਕਾਰੀ ਅਤੇ ਆਤਮ ਉਨਤੀ ਦਾ ਸਾਧਨ ਇਹ ਸਮਾਧੀ ਮਰਨ ਦੇਵਤਿਆਂ ਦੇ ਲਈ ਦੁਰਲਭ (ਮੁਸ਼ਕਿਲ) ਹੈ। ਤਿੰਨ ਲੋਕਾਂ ਦੇ 32 ਦੇਵ ਇੰਦਰਾਂ ਵੀ ਇੱਕ ਚਿੱਤ ਹੋ ਕੇ ਇਸ ਦਾ ਧਿਆਨ ਕਰਦੇ ਹਨ ਭਾਵ ਸਮਾਧੀ ਮਰਨ ਦੀ ਇੱਛਾ ਰਖਦੇ ਹਨ। ॥8॥

ਤੀਰਥੰਕਰਾਂ ਰਾਹੀਂ ਦਸੇ ਸਮਾਧੀ ਮਰਨ (ਪਡਿੰਤ ਮਰਨ) ਨੂੰ ਪ੍ਰਾਪਤ ਕਰਕੇ, ਕਰਨ ਰੂਪੀ ਮੈਲ ਨੂੰ ਨਸ਼ਟ ਕਰਕੇ ਤੁਸੀਂ ਸਿਧੀ ਰੂਪੀ ਝੰਡਾ ਲਹਿਰਾਉਗੇ ਭਾਵ ਆਤਮ ਨੂੰ ਕਰਮਾਂ ਤੋਂ ਮੁਕਤ ਕਰਕੇ ਮੁਕਤੀ ਪ੍ਰਾਪਤ ਕਰੋਗੇ। ॥9॥

ਜਿਸ ਪ੍ਰਕਾਰ ਤੀਰਥੰਕਰਾਂ ਨੇ ਧਿਆਨਾਂ ਵਿੱਚ ਉੱਤਮ ਸ਼ੁਕਲ ਅਤੇ ਗਿਆਨਾਂ ਵਿੱਚ ਕੇਵਲ ਗਿਆਨ ਨੂੰ ਸ਼ਰੇਸ਼ਟ ਫੁਰਮਾਇਆ ਹੈ ਉਸੇ ਪ੍ਰਕਾਰ ਮੌਤਾਂ ਵਿਚੋਂ ਸਰੇਸ਼ਟ ਪਰਿਨਿਰਵਾਨ (ਮੋਕਸ਼) ਨੂੰ ਸਰੇਸ਼ਟ ਫੁਰਮਾਇਆ ਹੈ। ॥10॥

ਸਾਰੀਆਂ ਪ੍ਰਾਪਤੀਆਂ ਵਿਚੋਂ ਸਾਧੂ ਜੀਵਨ ਦੀ ਪ੍ਰਾਪਤੀ, ਸਾਰੀਆਂ ਪਦਵੀਆਂ ਵਿਚੋਂ ਤੀਰਥੰਕਰ ਪਦ ਦੀ ਪ੍ਰਾਪਤੀ, ਸਾਰੀਆਂ ਗਤੀਆਂ ਵਿਚੋਂ ਸਿਧ ਗਤੀ ਦੀ ਪ੍ਰਾਪਤੀ ਨੂੰ ਸਪਸ਼ਟ ਮੰਨਿਆ ਜਾਂਦਾ ਹੈ। ॥11॥

ਜਿਸ ਪ੍ਰਕਾਰ ਪਰਲੋਕ ਦੀ ਸਾਧਨਾ ਵਿੱਚ ਲੱਗੇ ਮਨੁੱਖਾਂ ਦੇ ਲਈ ਸੰਜਮ ਆਧਾਰ ਹੈ, ਉਸੇ ਪ੍ਰਕਾਰ ਸਭ ਰਾਹਾਂ ਵਿਚੋਂ ਸਾਧੂ ਜੀਵਨ ਨੂੰ ਆਧਾਰ ਮੰਨਿਆ ਜਾਂਦਾ ਹੈ। ॥12॥

ਜਿਸ ਪ੍ਰਕਾਰ ਭਿੰਨ ਭਿੰਨ ਲੇਸ਼ਿਆ (ਆਤਮਾ ਤੇ ਮਨ ਦੇ ਭਾਵਾਂ ਦਾ ਕਰਮ ਨਾਲ ਰਿਸ਼ਤਾ ਜੋੜਨ ਦੀ ਸਥਿਤੀ) ਵਿਚੋਂ ਸ਼ੁਕਲ ਲੇਸ਼ਿਆ, ਵਰਤਾਂ ਵਿਚੋਂ ਬ੍ਰਹਮਚਰਜ ਵਰਤ ਅਤੇ ਮੁਨੀ ਗੁਣਾਂ ਵਿਚੋਂ ਤਿੰਨ ਗੁਪਤੀ (ਮਨ, ਬਚਨ, ਸ਼ਰੀਰ ਦਾ ਸੰਜਮ) ਪੰਜ ਸਮਿਤੀ ਆਧਾਰ ਭੂਤ ਨਿਅਮ ਹਨ, ਉਸੇ ਪ੍ਰਕਾਰ ਸਾਧਕ ਲਈ, ਸੰਜਮ ਆਧਾਰ ਭੂਤ ਹੈ। ॥13॥

ਜਿਸ ਪ੍ਰਕਾਰ ਸਾਰੇ ਤੀਰਥਾਂ ਵਿਚੋਂ ਤੀਰਥੰਕਰਾਂ ਰਾਹੀ ਸਥਾਪਤ ਧਰਮ ਤੀਰਥ ਅਤੇ ਦੇਵਤਿਆਂ ਵਿਚੋਂ ਇੰਦਰ ਪ੍ਰਮੁੱਖ ਹੈ, ਉਸੇ ਪ੍ਰਕਾਰ ਸੰਜਮੀ ਲੋਕਾਂ ਲਈ ਸਮਾਧੀ ਮਰਨ (ਸੰਥਾਰਾ) ਸਰਵ ਉੱਤਮ ਹੈ। ॥14॥

ਸਫੈਦ ਕਮਲ, ਕਲਸ਼, ਸਵਾਸਤਿਕ, ਨੰਦਾ ਵਰਤ ਤੇ, ਸੁੰਦਰ ਫੁੱਲਾਂ ਦੇ ਹਾਰ ਮੰਗਲ ਰੂਪ ਹਨ ਪਰ ਇਨ੍ਹਾਂ ਸਾਰੇ ਮੰਗਲਾਂ ਵਿਚੋਂ ਵੀ ਸਮਾਧੀ ਮਰਨ (ਸੰਥਾਰਾ) ਪਹਿਲਾ ਮੰਗਲ ਹੈ। ॥15॥

ਜੋ ਤਪ ਰੂਪੀ ਅਗਨੀ ਵਾਲਾ ਹੈ, ਵਰਤਾਂ (ਪ੍ਰਤਿਗਿਆਵਾਂ) ਦੇ ਪਾਲਨ ਵਿੱਚ ਸੂਰਵੀਰ ਹੈ ਅਤੇ ਜਿਨੇਸ਼ਵਰ ਦੇਵ ਦਾ ਗਿਆਨ ਹੀ ਜਿਸਦੀ ਵਿਸ਼ੁੱਧ ਖੁਰਾਕ ਹੈ ਉਹ ਆਦਮੀ ਹੀ ਸਮਾਧੀ ਮਰਨ ਰੂਪੀ ਹਾਥੀ ਦੀ ਸਵਾਰੀ ਕਰਕੇ ਆਨੰਦ ਮਾਣ ਸਕਦਾ ਹੈ। ॥16॥

ਜਿਸ ਪ੍ਰਕਾਰ ਸਾਰੇ ਪਦਾਂ ਵਿਚੋਂ ਤੀਰਥੰਕਰ ਪਦ ਸਰਵ ਉੱਤਮ ਹੈ, ਅਸਧਾਰਣ, ਪਰਮਾਰਥ, ਪਰਮ ਆਯਤਕ ਅਤੇ ਪਰਮ ਕਲਪ ਹੈ ਉਸੇ ਪ੍ਰਕਾਰ ਪਰਮ ਸਿਧਿ ਹੀ ਪਰਮ ਗਤਿ ਹੈ। ॥17॥

ਜੋ ਅੰਮ੍ਰਿਤ ਰੂਪੀ ਜਿਨ ਬਚਨਾਂ ਨਾਲ ਸ਼ਿੰਗਾਰ ਕਰਕੇ, ਇਸ ਸ਼ਰੀਰ ਨੂੰ ਧਰਮ ਰੂਪੀ ਰਤਨ ਦੇ ਸਹਾਰੇ ਹੋ ਕੇ, ਸਮਾਧੀ ਮਰਨ ਨੂੰ ਪ੍ਰਾਪਤ ਕਰ ਚੁੱਕਾ ਹੈ, ਇਸ ਤੋਂ ਉਲਟ ਤਾਂ ਆਦਮੀ ਭਰਿਸ਼ਟ ਹੋ ਕੇ ਸੰਸਾਰ ਵਿੱਚ ਸੰਜਮ ਨੂੰ ਹਾਰ ਜਾਂਦਾ ਹੈ। ॥18॥

ਹੇ ਉੱਤਮ ਪੁਰਸ਼! ਤੁਸੀਂ ਇਸ ਸਮਾਧੀ ਮਰਨ ਰੂਪੀ, ਪਰਮ ਦਿੱਵਯ ਕਲਿਆਣ ਪ੍ਰੰਪਰਾ ਨੂੰ ਪ੍ਰਾਪਤ ਹੈ। ਹੇ ਆਰਿਆ ਸਤਪੁਰਸ਼! ਤੁਸੀਂ ਜਿਨ ਬਚਨ ਨੂੰ ਠੀਕ ਢੰਗ ਨਾਲ ਧਰਨ ਕਰ ਲਿਆ ਹੈ। ॥19॥

ਹੇ ਉੱਤਮ ਪੁਰਸ਼! ਸਮਿਅੱਕ ਗਿਆਨ, ਸਮਿਅੱਕ ਦਰਸ਼ਨ ਰੂਪੀ ਸ਼ਰੇਸ਼ਟ ਰਤਨ ਅਤੇ ਗਿਆਨ ਰੂਪੀ ਪ੍ਰਕਾਸ਼ ਨਾਲ ਸ਼ੁੱਧ ਸ਼ੀਲ ਰੂਪੀ ਚਰਿੱਤਰ ਨੂੰ ਪ੍ਰਾਪਤ ਕਰਕੇ ਤੁਸੀਂ ਤ੍ਰੈ (ਗਿਆਨ, ਦਰਸ਼ਨ ਤੇ ਚਰਿੱਤਰ) ਰਤਨ ਰੂਪੀ ਮਾਲਾ ਨੂੰ ਪ੍ਰਾਪਤ ਕਰ ਲਿਆ ਹੈ। ॥20॥

ਸੰਜਮੀ ਜੀਵਨ ਦੇ ਗੁਣਾਂ ਦੇ ਵਿਸਥਾਰ ਰੂਪ ਸਮਾਧੀ ਮਰਨ ਨੂੰ ਜੋ ਸਤਪੁਰਸ਼ ਸਵੀਕਾਰ ਕਰਦੇ ਹਨ ਦਰਅਸਲ ਉਨ੍ਹਾਂ ਸੰਸਾਰ ਦੇ ਸਾਰ ਤੱਤ ਨੂੰ ਪ੍ਰਾਪਤ ਕਰ ਲਿਆ ਹੈ। ਉਨ੍ਹਾਂ ਦੇ ਸੰਜਮ ਰੂਪੀ ਰਤਨ ਨੂੰ ਕੋਈ ਕਿਵੇਂ ਚੁਕ ਸਕਦਾ ਹੈ? ॥21॥

ਹੇ ਉੱਤਮ ਪੁਰਸ਼! ਤੁਸੀਂ ਇਸ ਤੀਰਥ (ਪਵਿੱਤਰ ਸਥਾਨ) ਨੂੰ ਪ੍ਰਾਪਤ ਕਰ ਲਿਆ ਹੈ ਜੋ ਪ੍ਰਾਣੀ ਜਗਤ ਵਿੱਚੋਂ ਸ਼ਭ ਤੋਂ ਸ਼ਰੇਸ਼ਟ ਹੈ, ਜਿਸ ਵਿੱਚ ਇਸ਼ਨਾਨ ਕਰਕੇ ਮੁਨੀਜਨ ਸਰਵ ਉੱਤਮ ਨਿਰਵਾਣ ਸੁੱਖ ਨੂੰ ਪ੍ਰਾਪਤ ਕਰਦੇ ਹਨ। ॥22॥

ਆਸ਼ਰਵ (ਕਰਮਾਂ ਦਾ ਆਉਣਾ), ਸੰਬਰ (ਕਰਮਾਂ ਦਾ ਰੁਕਣਾ) ਤੇ ਨਿਰਜਰਾ (ਕਰਮਾਂ ਦਾ ਝੜਨਾ) ਇਨ੍ਹਾਂ ਤਿੰਨ ਹੀ ਤੱਤਾਂ ਵਿੱਚ ਸਮਾਧੀ ਹੈ, ਉਸ ਤੀਰਥ ਨੂੰ ਜਿਨ ਸਾਸ਼ਨ (ਧਰਮ) ਵਿੱਚ ਸ਼ੀਲ ਵਰਤ ਵਾਲੀ ਪੌੜੀ ਆਖਦੇ ਹਨ। ॥23॥

ਸਮਾਧੀ ਮਰਨ ਦਾ ਸਾਧਕ ਉੱਤਮ ਸੰਜਮ ਸ਼ਕਤੀ ਵਾਲਾ ਹੋ ਕੇ ਪਰਿਸ਼ੈ ਰੂਪੀ ਸੈਨਾ (ਸੰਜਮੀ ਜੀਵਨ ਦੇ 22 ਕਸ਼ਟਾਂ) ਨੂੰ ਹਰਾ ਕੇ ਕਰਮ ਰਹਿਤ ਹੋ ਕੇ ਸਰਵ ਉੱਤਮ ਮੋਕਸ਼ ਰਾਜ ਨੂੰ ਭੋਗਦਾ ਹੈ। ਭਾਵ ਮੋਕਸ਼ ਪ੍ਰਾਪਤ ਕਰਦਾ ਹੈ। ॥24॥

ਹੇ ਸਤਪੁਰਸ਼! ਤੁਸੀਂ ਜਿਨ ਸਿਧਾਂਤ ਵਿਚੋਂ ਗ੍ਰਹਿਣ ਕਰਨਯੋਗ ਤਿੰਨ ਲੋਕ ਦੇ ਰਾਜ ਰੂਪੀ ਸਮਾਧੀ ਭਾਵ ਨੂੰ ਪ੍ਰਾਪਤ ਕਰ ਲਿਆ ਹੈ। ਇਸ ਤੁਲਨਾ ਰਹਿਤ ਰਾਜ ਲਕਸ਼ਮੀ ਨੇ ਆਪ ਦਾ ਅਭਿਸ਼ੇਕ ਕੀਤਾ ਹੈ। ਸਾਧਕ ਲੋਕ ਵਿੱਚ ਵਿਪੁਲ ਫਲ ਨੂੰ ਪ੍ਰਾਪਤ ਕਰਕੇ ਘੁੰਮ ਰਹੇ ਹੋ। ਮੋਕਸ਼ ਦੀ ਪ੍ਰਾਪਤੀ ਦੇ ਸਾਧਨ ਰੂਪ ਜਿਨ ਸਮਾਧੀ ਮਰਨ ਨੂੰ ਤੁਸੀਂ ਪ੍ਰਾਪਤ ਕੀਤਾ ਹੈ, ਮੈਂ ਉਸ ਦਾ ਹਾਰਦਿਕ ਅਭਿਨੰਦਨ ਕਰਦਾ ਹਾਂ। ॥25-26॥

ਅਨੇਕਾਂ ਪ੍ਰਕਾਰ ਦੇ ਵਿਸ਼ੇ, ਸੁਖਾਂ ਦਾ ਭੋਗ ਭੋਗਦੇ, ਸਵਰਗ ਦੇ ਦੇਵਤੇ ਵੀ, ਕਿਸੇ ਦੇ ਸਮਾਧੀ ਮਰਨ ਹੋਣ ਤੇ, ਚਿੰਤਨ ਕਰਕੇ ਆਸਨ ਤੇ ਸਿੰਘਾਸਨ ਤਿਆਗ ਦਿੰਦੇ ਹਨ। ਭਾਵ ਇਨ੍ਹਾਂ ਦਾ ਤਿਆਗ ਕਰ ਦੇਵਤੇ ਵੀ ਸਮਾਧੀ ਮਰਨ ਵਾਲੇ ਨੂੰ ਬੰਦਨਾ ਨਮਸਕਾਰ ਕਰਦੇ ਹਨ। ॥27॥

ਗੁਪਤੀ ਤੇ ਸਮਿਤਿ ਵਾਲੇ, ਸੰਜਮ, ਤਪ, ਨਿਅਮ ਤੇ ਯੋਗ ਰੱਖਣ ਵਾਲੇ ਮਨ ਵਾਲਾ ਤੇ ਗਿਆਨ, ਦਰਸ਼ਨ ਦੀ ਅਰਾਧਨਾ ਵਿੱਚ ਇੱਕ ਚਿਤ ਰਹਿਣ ਵਾਲਾ, ਸਮਾਧੀ ਭਾਵ ਨੂੰ ਪ੍ਰਾਪਤ, ਸ਼੍ਰਮਣ (ਮੁਨੀ) ਚੰਦਰਮਾ ਦੀ ਤਰ੍ਹਾਂ ਸ਼ੀਤਲ ਅਤੇ ਸੂਰਜ ਦੀ ਤਰ੍ਹਾਂ ਤੇਜ ਵਾਲਾ ਹੁੰਦਾ ਹੈ। ਉਹ ਸ਼੍ਰਮਣ ਧਨਵਾਨ, ਗੁਣਵਾਨ

ਅਤੇ ਮਹਾਂ ਹਿਮਵਾਨ ਪਰਵਤ ਦੀ ਤਰ੍ਹਾਂ ਸੰਸਾਰ ਵਿੱਚ ਪ੍ਰਸਿੱਧੀ ਪ੍ਰਾਪਤ ਕਰਦਾ ਹੈ। ॥28-29॥

ਜਿਸ ਪ੍ਰਕਾਰ ਪਰਬਤਾਂ ਵਿਚੋਂ ਮੇਰੂ ਪਰਵਤ, ਸਮੁੰਦਰਾਂ ਵਿਚੋਂ ਸਵੇ ਭੂ ਰਮਨ ਅਤੇ ਤਾਰਿਆਂ ਵਿਚੋਂ ਚੰਦਰਮਾ ਸ਼ਰੇਸ਼ਟ ਹੈ ਉਸੇ ਪ੍ਰਕਾਰ ਸੰਜਮੀ ਲੋਕਾਂ ਵਿੱਚੋਂ ਸਮਾਧੀ ਮਰਨ ਵਾਲਾ ਸਰੇਸ਼ਟ ਹੈ। ॥30॥

## ਸੰਥਾਰੇ ਦਾ ਸਵਰੂਪ

ਹੇ ਭਗਵਾਨ! ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਸਮਾਧੀ ਮਰਨ ਦਾ ਸਵਰੂਪ ਕਿਸ ਪ੍ਰਕਾਰ ਦਾ ਹੈ? ਉਸ ਨੂੰ ਕਦ ਕੀਤਾ ਜਾ ਸਕਦਾ ਹੈ ਅਤੇ ਉਸਦੀ ਸਹੀ ਵਿਧੀ ਕਿ ਹੈ? ॥31॥

ਹੇ ਸ਼ਿਸ਼! ਜਿਸ ਦੇ ਮਨ. ੜਚਨ ਤੇ ਕਾਇਆ ਰੂਪੀ ਯੋਗ ਢਿਲੇ ਹੋ ਜਾਣ ਅਤੇ ਬੁਢਾਪੇ ਦਾ ਕਸ਼ਟ ਸ਼ੁਰੂ ਹੋਣ ਲੱਗ ਪਵੇ ਅਜਿਹੇ ਸਾਧਕ ਨੂੰ ਸਥਾਂਰਾ (ਅੰਤਮ ਸਮਾਧੀ ਮਰਨ) ਗ੍ਰਹਿਣ ਕਰਨਾ ਚਾਹੀਦਾ ਹੈ। ਉਸ ਦਾ ਸਮਾਧੀ ਮਰਨ ਉਸ ਆਤਮਾ ਨੂੰ ਵਿਸ਼ੁਧ ਬਣਾਉਂਦਾ ਹੈ। ॥32॥

ਜੋ ਹੰਕਾਰ ਵਿੱਚ ਪਾਗਲ ਹੈ ਅਤੇ ਜੋ ਗੁਰੂ ਦੇ ਕੋਲ (ਆਪਣੇ ਦੋਸ਼ਾਂ ਦੀ) ਆਲੋਚਨਾ ਕਰਨ ਦੀ ਇੱਛਾ ਨਹੀਂ ਰਖਦਾ, ਉਸ ਦਾ ਸੰਥਾਰਾ ਕਰਨਾ ਆਤਮ ਅਸ਼ੁੱਧੀ ਦਾ ਕਾਰਨ ਹੈ। ਪਰ ਜੋ ਸੁਪਾਤਰ ਗੁਰੂ ਦੇ ਕੋਲ (ਆਪਣੇ ਦੋਸ਼ਾ ਦੀ) ਆਲੋਚਨਾ ਕਰਦਾ ਹੈ ਅਜਿਹੇ ਸੰਥਾਰਾ ਗ੍ਰਹਿਣ ਕਰਨ ਵਾਲੇ ਦਾ ਸੰਥਾਰਾ ਵਿਸ਼ੁੱਧ ਹੁੰਦਾ ਹੈ। ॥33-34॥

ਸਮਿਅੱਕ ਦਰਸ਼ਨ (ਸੱਚੀ ਸ਼ਰਧਾ) ਤੋਂ ਰਹਿਤ ਮੈਲਾ, ਮਿਥਿੱਆ, ਦ੍ਰਿਸ਼ਟੀ ਅਤੇ ਨੀਵੇਂ ਚਲਣ ਵਾਲਾ, ਚਰਿਤਰ ਵਾਲਾ ਆਦਮੀ ਸਾਧੂ ਜੀਵਨ ਗ੍ਰਹਿਣ ਕਰਕੇ ਵੀ ਸੰਥਾਰਾ ਕਰੇ ਤਾਂ ਵੀ ਉਹ ਅਸ਼ੁੱਧ ਰਹਿੰਦਾ ਹੈ। ਪਰ ਦਰਸ਼ਨ ਸ਼ੁੱਧੀ ਵਾਲਾ ਭਾਵ ਸਮਿਅੱਕ (ਸਹੀ) ਦ੍ਰਿਸ਼ਟੀ ਅਤੇ ਸ਼ੁੱਧ ਚਰਿਤਰ ਵਾਲਾ ਸਾਧੂ, ਜੇ ਸੰਥਾਰਾ ਗ੍ਰਹਿਣ ਕਰਦਾ ਹੈ ਤਾਂ ਉਸ ਦਾ ਸੰਥਾਰਾ ਵਿਸ਼ੁੱਧ ਹੁੰਦਾ ਹੈ। ॥35-36॥

ਜੋ ਵਿਅਕਤੀ ਰਾਗ ਦਵੇਸ਼ ਤੋਂ ਰਹਿਤ ਹੈ, ਤਿੰਨ ਗੁਪਤੀਆਂ ਦਾ ਧਾਰਕ ਹੈ। ਤਿੰਨ ਕੰਡੇ ਅਤੇ ਮੋਹ ਤੋਂ ਰਹਿਤ ਹੈ ਜੇ ਉਹ ਸੰਥਾਰਾ ਕਰਦਾ ਹੈ ਤਾਂ ਉਸ ਦਾ ਸੰਥਾਰਾ ਵਿਸ਼ੁੱਧ ਹੁੰਦਾ ਹੈ। ॥37॥

ਜੋ ਵਿਅਕਤੀ ਤਿੰਨ ਪ੍ਰਕਾਰ ਦੇ ਹੰਕਾਰ ਤੋਂ ਰਹਿਤ ਹੈ, ਤਿੰਨ ਦੰਡ ਦਾ ਤਿਆਗੀ ਹੈ, ਜਿਸ ਦੀ ਯਸ਼ ਕੀਰਤੀ ਚਹੁ ਪਾਸੇ ਫੈਲੀ ਹੈ ਜੇ ਉਹ ਸੰਥਾਰਾ ਕਰਦਾ ਹੈ ਤਾਂ ਉਸਦਾ ਸੰਥਾਰਾ ਵਿਸ਼ੁੱਧ ਹੁੰਦਾ ਹੈ। ॥38॥

ਜੋ ਵਿਅਕਤੀ ਚਾਰ ਪ੍ਰਕਾਰ ਦੇ ਕਸ਼ਾਏ ਦਾ ਖਾਤਮਾ ਕਰਨ ਵਾਲਾ ਹੈ। ਭਾਵ ਕਰੋਧ, ਮਾਨ, ਮਾਇਆ, ਲੋਭ ਨੂੰ ਕਸ਼ਟ ਕਰਦਾ ਹੈ ਅਤੇ ਚਾਰ ਪ੍ਰਕਾਰ ਦੀ ਵਿਕਥਾ ਤੋਂ ਆਪਣੇ ਆਪ ਨੂੰ ਦੂਰ ਰਖਦਾ ਹੈ ਜੋ ਉਹ ਸੰਥਾਰਾ ਗ੍ਰਹਿਣ ਕਰਦਾ ਹੈ ਤਾਂ ਉਸ ਦਾ ਸੰਥਾਰਾ ਵਿਸ਼ੁੱਧ ਹੁੰਦਾ ਹੈ। ॥39॥

ਜੋ ਵਿਅਕਤੀ ਪੰਜ ਮਹਾਂਵਰਤਾਂ ਵਾਲਾ ਹੈ। ਪੰਜ ਸਮਿਤੀ ਦਾ ਪਾਲਨ ਕਰਨ ਵਾਲਾ ਹੈ ਹਮੇਸ਼ਾ ਜਾਗਰਿਤ ਰਹਿਣ ਵਾਲਾ ਹੈ, ਜੇ ਉਹ ਸੰਥਾਰਾ ਗ੍ਰਹਿਣ ਕਰਦਾ ਹੈ ਤਾਂ ਉਸ ਦਾ ਸੰਥਾਰਾ ਵਿਸ਼ੁੱਧ ਹੁੰਦਾ ਹੈ। ॥40॥

ਜੋ ਮਤੀ ਮਾਨ ਭਾਵ ਸਮਝਦਾਰ ਸਾਧਕ ਛੇ ਕਾਇਆ ਦੀ ਹਿੰਸਾ ਤੋਂ ਦੂਰ ਹੈ ਸਭ ਤੋਂ ਰਹਿਤ ਹੈ ਜੇ ਉਹ ਸੰਥਾਰਾ ਗ੍ਰਹਿਣ ਕਰਦਾ ਹੈ ਤਾਂ ਉਸਦਾ ਸੰਥਾਰਾ ਵਿਸ਼ੁੱਧ ਹੁੰਦਾ ਹੈ। ॥41॥

ਜੋ ਵਿਅਕਤੀ ਅੱਠ ਮਦ ਸਥਾਨ ਦਾ ਤਿਆਗ ਕਰਨ ਵਾਲਾ ਤੇ ਅੱਠ ਪ੍ਰਕਾਰ ਦੇ ਕਰਮਾ ਦਾ ਨਾਸ਼ ਕਰਨ ਵਾਲਾ ਹੈ ਜੇ ਉਹ ਸੰਥਾਰਾ ਗ੍ਰਹਿਣ ਕਰਦਾ ਹੈ ਤਾਂ ਉਸ ਦਾ ਸੰਥਾਰਾ ਵਿਸ਼ੁੱਧ ਹੁੰਦਾ ਹੈ। ॥42॥

ਜੋ ਵਿਅਕਤੀ ਅੱਠ ਪ੍ਰਕਾਰ ਦੇ ਬ੍ਰਹਮਚਰਜ ਗੁਪਤੀਆਂ ਤੋਂ ਗੁਪਤ ਹੈ ਅਤੇ ਦਸ ਪ੍ਰਕਾਰ ਦੇ ਸ਼੍ਰਮਣ ਧਰਮ ਦਾ ਪਾਲਨ ਕਰਦਾ ਹੈ ਜੇ ਉਹ ਸੰਥਾਰਾ ਗ੍ਰਹਿਣ ਕਰਦਾ ਹੈ ਤਾਂ ਉਸ ਦਾ ਸੰਥਾਰਾ ਵਿਸ਼ੁੱਧ ਹੁੰਦਾ ਹੈ। ॥43॥

## ਸੰਥਾਰੇ ਦੇ ਲਾਭ ਤੇ ਸੁੱਖ

ਹੇ ਭਗਵਾਨ! ਇਹ ਦੱਸਣ ਦੀ ਕ੍ਰਿਪਾਲਤਾ ਕਰੋ ਕਿ ਮੋਕਸ਼ ਮਾਰਗ ਵਿੱਚ ਲੱਗੇ ਕਸ਼ਾਏ ਨੂੰ ਖਤਮ ਕਰਨ ਵਾਲੇ ਨਿਰਵਿਕਾਰ ਸ਼੍ਰਮਣ ਦੇ ਲਈ ਸਮਾਧੀ ਮਰਨ ਗ੍ਰਹਿਣ ਕਰਨ ਦਾ ਕੀ ਲਾਭ ਹੁੰਦਾ ਹੈ? ॥44॥

ਹੇ ਭਗਵਾਨ! ਇਹ ਦੱਸਣ ਦੀ ਕ੍ਰਿਪਾਲਤਾ ਕਰੋ ਕਿ ਮੋਕਸ਼ ਮਾਰਗ ਵਿੱਚ ਲੱਗੇ ਕਸ਼ਾਏ ਨੂੰ ਖਤਮ ਕਰਨ ਵਾਲੇ ਨਿਰਵਿਕਾਰ ਸ਼੍ਰਮਣ ਦੇ ਲਈ ਸਮਾਧੀ ਮਰਨ ਗ੍ਰਹਿਣ ਕਰਨ ਦਾ ਕੀ ਸੁੱਖ ਹੁੰਦਾਹੈ? ॥45॥

ਹੇ ਸ਼ਿਸ਼! ਸੰਥਾਰੇ ਗ੍ਰਹਿਣ ਕਰਨ ਵਾਲੇ ਦੇ ਪਹਿਲੇ ਦਿਨ ਵਿੱਚ ਜੋ ਲਾਭ ਹੁੰਦਾ ਹੈ ਉਸ ਅਮੁੱਲ ਲਾਭ ਨੂੰ ਆਖਣ ਵਿੱਚ ਕੌਣ ਸਮਰਥ ਹੈ? (ਭਾਵ ਕੋਈ ਉਸ ਲਾਭ ਨੂੰ ਨਹੀਂ ਦੱਸ ਸਕਦਾ)॥46॥

ਸੰਖਿਆਤ ਭਵ (ਜਨਮ ਮਰਨ) ਵਾਲੇ ਜੋ ਕਰਮ ਹਨ ਉਨ੍ਹਾਂ ਸਭ ਕਰਮਾਂ ਦਾ ਉਹ ਸ਼੍ਰਮਣ ਬਹੁਤ ਥੋੜ੍ਹੇ ਸਮੇਂ ਵਿੱਚ ਖਾਤਮਾ ਕਰ ਦਿੰਦਾ ਹੈ। ਹੇ ਮੁਨੀ! ਸਾਸ਼ਤਰ ਵਿੱਚ ਉਸੇ ਨੂੰ ਉਤਮ ਪਦ (ਅਰਿਹੰਤ) ਆਖਿਆ ਗਿਆ ਹੈ। ॥47॥

ਮਮਤਾ, ਹੰਕਾਰ ਤੇ ਮੋਹ ਤੋਂ ਰਹਿਤ, ਸ਼ਰੇਸ਼ਟ ਮੁਨੀ ਘਾਹ ਫੂਸ ਦੇ ਸੰਥਾਰੇ (ਵਿਛੋਣੇ) ਨੂੰ ਗ੍ਰਹਿਣ ਕਰਕੇ ਜੋ ਮੁਕਤੀ ਦਾ ਸੁੱਖ ਅਨੁਭਵ ਕਰਦਾ ਹੈ ਉਹ ਸੁੱਖ ਨੂੰ ਚੱਕਰਵਰਤੀ ਵੀ ਕਿਥੇ ਪਾ ਸਕਦਾ ਹੈ? ॥48॥

ਸਮਾਧੀ ਮਰਨ ਗ੍ਰਹਿਣ ਕਰਨ ਵਾਲੇ ਸਾਧਕ ਨੂੰ ਇਸਤਰੀ ਪੁਰਸ਼ ਦੀ ਕਾਮ ਕ੍ਰਿਆ ਵਿੱਚ ਹੋਣ ਵਾਲੀਆਂ ਗਲਵੱਕੜੀਆਂ ਸੁੱਖ ਦਾ ਕਾਰਨ ਨਹੀਂ ਲਗਦੀਆਂ, ਜਿੰਨਾਂ ਸੁੱਖ ਅਤਿ ਵਿਸਥਾਰ ਵਾਲੇ ਜਿਨ (ਅਰਿਹੰਤ) ਬਚਨ ਤੋਂ ਲਗਦਾ ਹੈ। ॥49॥

ਰਾਗ ਦਵੇਸ਼ ਤੋਂ ਪੈਦਾ ਹੋਏ ਇੰਦਰੀਆਂ ਦਾ ਵਿਸ਼ੇ ਭੋਗਾਂ ਦੇ ਸੁਖਾਂ ਦਾ ਅਨੁਭਵ ਚੱਕਰਵਰਤੀ ਕਰਦਾ ਹੈ। ਉਹ ਸੁੱਖ ਵੀਤਰਾਗੀ ਦੇ ਲਈ ਸੁੱਖ ਦਾ ਕਾਰਨ ਨਹੀਂ ਹਨ। ॥50॥

ਹੇ ਸ਼ਿਸ਼! ਸਾਲਾਂ ਦੀ ਗਿਣਤੀ ਨਾ ਕਰੋ, ਕਿਉਂਕਿ ਜਿਨ ਸ਼ਾਸ਼ਨ ਵਿੱਚ ਸਾਧਨਾ ਦੀ ਗਿਣਤੀ ਸਾਲਾਂ ਤੋਂ ਨਹੀਂ ਕੀਤੀ ਜਾਂਦੀ। ਨਾ ਹੀ ਸਾਧਨਾ ਵਿੱਚ ਸਾਲਾਂ ਦਾ ਮਹੱਤਵ ਹੈ। ਪ੍ਰਮਾਦੀ ਸਾਧੂ ਸਾਲਾਂ ਬੱਧੀ 'ਗਣ' (ਸਾਧੂ ਟੋਲੇ) ਵਿੱਚ ਰਹਿ ਕੇ ਵੀ ਜਨਮ ਮਰਨ ਦੀ ਪ੍ਰੰਪਰਾ ਸਮਾਪਤ ਨਹੀਂ ਕਰ ਸਕਦਾ ਹੈ। ਜੋ ਵਿਅਕਤੀ ਜਿੰਦਗੀ ਦੇ ਆਖਰੀ ਹਿੱਸੇ ਵਿੱਚ ਸੰਥਾਰਾ ਕਰਕੇ ਮਰਦੇ ਹਨ,

ਬਾਅਦ ਵਿੱਚ ਫਿਰ ਜਨਮ ਲੈਣ ਤੇ ਵੀ ਉਹ ਛੇਤੀ ਹੀ ਆਤਮ (ਆਪਣਾ) ਕਲਿਆਣ ਮਾਰਗ ਗ੍ਰਹਿਣ ਕਰਦੇ ਹਨ। ॥52॥

ਨਾ ਤਾਂ ਘਾਹ ਵਾਲਾ ਸੰਥਾਰਾ (ਵਿਛੋਣਾ) ਅਤੇ ਨਾ ਹੀ ਪ੍ਰਾਸੁਕ (ਜੀਵ ਰਹਿਤ) ਭੂਮੀ ਸਮਾਧੀ ਮਰਨ ਦਾ ਕਾਰਨ ਹੈ। ਵਿਸ਼ੁੱਧ ਚਰਿਤਰ ਵਿੱਚ ਰਮਨ ਕਰਨ ਵਾਲਾ ਹੀ ਸੰਥਾਰਾ (ਸਹੀ ਰੂਪ ਵਿੱਚ ਤਾਰਨ ਵਾਲਾ) ਹੁੰਦਾ ਹੈ। ॥53॥

ਮਮਤਾ ਰਹਿਤ, ਸੰਜਮੀ ਬਣ ਕੇ ਜੋ ਸਾਧਕ ਯਥਾ ਖਿਆਤ ਚਰਿਤਰ ਅਤੇ ਸ਼ਰਨ ਚਿੱਤ ਵਾਲਾ ਹੁੰਦਾ ਹੈ ਉਹ ਜਿੱਥੇ ਕਿਤੇ ਵੀ ਹੋਵੇ ਉਸਦਾ ਤਾਂ ਨਿੱਤ ਸੰਥਾਰਾ (ਸਮਾਧੀ) ਮਰਨ ਹੈ। ॥54॥

ਵਰਖਾ ਰੁੱਤ ਵਿੱਚ ਭਿੰਨ ਭਿੰਨ ਪ੍ਰਾਕਰ ਦੇ ਤੱਪਾਂ ਦੀ ਸਹੀ ਪ੍ਰਕਾਰ ਦੀ ਸਾਧਨਾ ਕਰਕੇ ਹਮੇਸ਼ਾ ਕਮਜ਼ੋਰ ਹੋਣ ਤੇ ਹੇਮੰਤ ਰੁੱਤ ਵਿੱਚ ਸੰਥਾਰੇ ਨੂੰ ਗ੍ਰਹਿਣ ਕਰੇ। ॥54॥

## ਸੰਥਾਰੇ ਦੇ ਉਦਾਹਰਣ

ਪੋਤਨਪੁਰ ਨਗਰ ਵਿੱਚ ਪੁਸ਼ਪ ਚੁਲਾ ਆਰਿਆ (ਸਾਧਵੀ) ਰਹਿੰਦੀ ਸੀ। ਉਸ ਦੇ ਧਰਮ ਅਚਾਰਿਆ ਅਰਿਣਕਾ ਪੁੱਤਰ ਬਹੁਤ ਪ੍ਰਸਿੱਧ ਸਨ। ਕਿਸੇ ਸਮੇਂ ਉਹ ਗੰਗਾ ਨਦੀ ਨੂੰ ਪਾਰ ਕਰ ਰਹੇ ਸਨ ਕਿ ਅਚਾਨਕ ਕਿਸ਼ਤੀ ਦੇ ਫਿਸਲ ਜਾਣ ਤੇ ਉਨ੍ਹਾਂ ਸਮਾਧੀ ਮਰਨ ਦੀ ਅਰਾਧਨਾ ਕਰਕੇ ਉਤਮ ਅਰਥ (ਮੁਕਤੀ ਜਾਂ ਸਵਰਗ) ਨੂੰ ਪ੍ਰਾਪਤ ਕੀਤਾ। ॥56-57॥

ਕਿਸੇ ਸਮੇਂ ਪੰਜ ਮਹਾਂਵਰਤਾਂ ਦੇ ਧਾਰਕ, ਪੰਜ ਸੌ ਮੁਨੀ (ਕੁੰਭਕਾਰ ਨਗਰ ਦੀ ਸੈਨਿਕ ਛਾਉਣੀ ਵਿੱਚ ਰਹਿ ਰਹੇ ਸਨ। ਬਾਅਦ ਵਿੱਚ ਫੌਜ ਦੀ ਹਾਰ ਹੋ ਜਾਣ ਕਾਰਨ ਪਾਪ ਬੁੱਧੀ ਨਾਉ ਦੇ ਮੰਤਰੀ ਨੇ ਉਨ੍ਹਾਂ ਵਿਚੋਂ 499 ਮੁਨੀਆਂ ਨੂੰ ਸਿਲਸਿਲੇਵਾਰ ਜੰਤਰ (ਕੋਹਲੂ) ਵਿੱਚ ਪੀੜਕੇ ਚੂਰ ਚੂਰ ਕਰ ਦਿੱਤਾ ਅਤੇ ਸ਼ਰੀਰ ਪ੍ਰਤੀ ਮਮਤਾ ਰਹਿਤ, ਬਿਨ੍ਹਾਂ ਰੁਕਾਵਟ ਘੁੰਮਣ ਵਾਲੇ, ਹੰਕਾਰ ਰਹਿਤ ਉਹ ਮੁਨੀ ਅਜਿਹੀ ਸਥਿਤੀ ਵਿੱਚ ਸਮਾਧੀ ਮਰਨ ਨੂੰ ਪ੍ਰਾਪਤ ਕਰਕੇ, ਉਤਮ ਅਰਥ ਨੂੰ ਪ੍ਰਾਪਤ ਹੋਏ (ਪਰ ਉਨ੍ਹਾਂ ਦਾ ਆਚਾਰਿਆ ਸਕੰਦਕ ਕਸ਼ਾਏ ਕਾਰਣ ਸਮਾਧੀ ਮਰਨ ਪ੍ਰਾਪਤ ਨਾ ਕਰ ਸਕਿਆ। ॥58-60॥

10 ਪ੍ਰਤਿਮਾ ਧਾਰੀ ਦੰਡ ਨਾਉਂ ਦੇ ਪ੍ਰਸ਼ਿੱਧ ਜੈਨ ਮੁਨੀ ਕਿਸੇ ਸਮੇਂ ਯਮਨਾ ਵਕਰ ਨਗਰ ਵਿੱਚ ਆਪਣੀ ਪ੍ਰਤਿਮਾ (ਧਿਆਨ) ਵਿੱਚ ਸਥਿਤ ਸਨ। ਉਸ ਸਮੇਂ ਉਨ੍ਹਾਂ ਨੂੰ ਕਿਸੇ ਨੇ ਤੀਰ ਕਮਾਨ ਨਾਲ ਚੀਰ ਦਿੱਤਾ। ਜਿਨ ਬਚਨ ਪ੍ਰਤੀ ਸ਼ੰਕਾ ਰਹਿਤ ਅਤੇ ਆਪਣੇ ਸ਼ਰੀਰ ਪ੍ਰਤੀ ਮੋਹ ਨਾ ਰੱਖਣ ਵਾਲੇ ਉਸ ਮੁਨੀ ਨੇ ਤੀਰਾਂ ਦੀ ਮਾਰ ਸਹਿ ਕੇ, ਸਮਾਧੀ ਮਰਨ ਦੇ ਉੱਤਮ ਅਰਥ ਨੂੰ ਪ੍ਰਾਪਤ ਕੀਤਾ। ॥61-62॥

ਸ਼ੁਕੋਸ਼ਲ ਮੁਨੀ ਚੋਮਾਸੇ ਦੇ ਪਾਰਣੇ ਵਾਲੇ ਜਿਸ ਪਰਵਤ ਤੋਂ ਉਤਰ ਰਹੇ ਸਨ, ਉਸ ਸਮੇਂ ਭੁੱਖੀ ਬਾਘ ਨੇ ਉਨ੍ਹਾਂ ਨੂੰ ਖਾ ਲਿਆ। ਬੁੱਧੀਮਾਨ, ਬ੍ਰਹਮਚਰਜ, ਵਿੱਚ ਸਥਿਤ, ਨਿਯਮ, ਤਿਆਗ ਪ੍ਰਤੀ ਜਾਗਰੁਕ ਉਹ ਮੁਨੀ ਇਸ ਪ੍ਰਕਾਰ ਬਾਘ ਦੇ ਖਾਏ ਜਾਣ ਤੇ ਵੀ ਸਮਾਧੀ ਮਰਨ ਰਾਹੀਂ ਉਤਮ ਅਰਥ ਨੂੰ ਪ੍ਰਾਪਤ ਹੋਏ। ॥63-64॥

ਉਜੈਨ ਨਗਰੀ ਵਿੱਚ ਅਵੰਤੀ ਸਕੁਮਾਲ ਨਾਉਂ ਦੇ ਮੁਨੀ ਪ੍ਰਸ਼ਿੱਧ ਸਨ। ਅੰਤਮ ਸਮੇਂ ਪਾਦੋਪਗਮਨ ਅਨਸ਼ਨ (ਸੰਥਾਰੇ ਦੀ ਕਿਸਮ) ਸਵੀਕਾਰ ਕਰਕੇ ਉਹ ਏਕਾਂਤ ਵਿੱਚ ਸਮਸ਼ਾਨ ਵਿੱਚ ਖੜ੍ਹ ਗਏ। ਉਸੇ ਸਮੇਂ ਇੱਕ ਗੁਸੈਲੀ ਗਿੱਦੜੀ ਉਨ੍ਹਾਂ ਦੇ ਸਰੀਰ ਨੂੰ ਤਿੰਨ ਰਾਤਾਂ ਤਕ ਖਾਂਦੀ ਰਹੀ। ਇਸ ਪ੍ਰਕਾਰ ਗਿਦੜੀ ਦੇ ਖਾਣ ਤੇ ਵੀ ਉਹ ਸਮਾਧੀ ਮਰਨ ਦੇ ਉੱਤਮ ਅਰਥ ਨੂੰ ਪ੍ਰਾਪਤ ਹੋਏ। ॥65-66॥

ਜੱਲ ਮਲ ਮੇਲਧਾਰੀ, ਸ਼ੀਲ ਸੰਜਮੀ ਗੁਣਾਂ ਨਾਲ ਭਰਪੂਰ ਅਤੇ ਗੀਤਾਰਥ (ਗਿਆਨ) ਮੁਨੀ ਕਾਰਤੀ ਕਾਰਿਆ, ਸਰਵਣ ਸਨਿਵੈਸ਼ (ਜਿਲੇ) ਵਿੱਚ ਨਾ ਪੱਕਿਆ ਭੋਜਨ ਮਿਲਣ ਤੇ ਰੋਹਤਕ ਨਗਰ ਵਿੱਚ ਪ੍ਰਾਸੁਕ (ਪੱਕੇ) ਭੋਜਨ ਲਈ ਘੁੰਮ ਰਹੇ ਸਨ। ਤਦ ਕਿਸੇ ਰਾਜਾ ਨੇ ਗੁੱਸੇ ਵਿੱਚ ਆ ਕੇ ਸ਼ਕਤੀ ਨਾਉਂ ਦੇ ਹਥਿਆਰ ਦਾ ਵਾਰ ਕਰਕੇ ਉਨ੍ਹਾਂ ਦਾ ਸਰੀਰ ਜਖਮੀ ਕਰ ਦਿੱਤਾ। ਉਨ੍ਹਾਂ ਲੋਕਾਂ ਤੋਂ ਰਹਿਤ ਜੰਗਲ ਵਿੱਚ ਜਾ ਕੇ ਆਪਣੀ ਦੇਹ ਦਾ ਤਿਆਗ ਕੀਤਾ। ਇਸ ਪ੍ਰਕਾਰ ਜਖਮੀ ਦੇਹ ਵਾਲੇ ਕਾਰਤੀ ਕਾਰਿਆ ਸਮਾਧੀ ਮਰਨ ਦੇਉੱਤਮ ਅਰਥ ਨੂੰ ਪ੍ਰਾਪਤ ਹੋਏ। ॥67-69॥

ਜਦ ਪਾਟਲੀਪੁਤਰ ਵਿਖੇ ਚੰਦਰਗੁਪਤ ਰਾਜਾ ਰਾਜ ਕਰਦਾ ਸੀ। ਤਦ ਧਰਮ ਸਿੰਘ ਨਾਉਂ ਦੇ ਆਦਮੀ ਨੇ ਚੰਦਰ ਸ਼੍ਰੀ ਨਾਉਂ ਦੀ ਪਤਨੀ ਦਾ ਤਿਆਗ ਕਰਕੇ ਸਾਧੂ ਜੀਵਨ ਗ੍ਰਹਿਣ ਕੀਤਾ। ਸ਼ੋਕ ਰਹਿਤ ਉਸ ਧਰਮ ਸਿੰਘ ਨੇ ਕੋਲਯਪੁਰ ਨਗਰ ਵਿੱਚ ਗਰਿਦ ਪਰਿਸ਼ਟ ਨਾਉਂ ਮਰਨ ਦੀ ਪ੍ਰਤਿਗਿਆ ਕੀਤੀ ਤੇ ਹਜ਼ਾਰਾਂ ਪਸ਼ੂਆਂ ਰਾਹੀ ਖਾਏ ਜਾਣ ਵਾਲੀ ਆਪਣੀ ਦੇਹ ਦਾ ਤਿਆਗ ਕੀਤਾ। ਇਸ ਪ੍ਰਕਾਰ ਤਰਿੰਚ (ਪਸ਼ੂਆਂ) ਰਾਹੀਂ ਖਾਏ ਜਾਣ ਤੇ ਵੀ ਉਸ ਨੇ ਸਮਾਧੀ ਮਰਨ ਰਾਹੀਂ ਉੱਤਮ ਅਰਥ ਨੂੰ ਪ੍ਰਾਪਤ ਕੀਤਾ। ॥70-72॥

ਪਾਟਲੀਪੁਤਰ ਨਗਰ ਵਿੱਚ ਚਾਣਕਿਆ ਨਾਉਂ ਦਾ ਇੱਕ ਅਤਿ ਪ੍ਰਸ਼ਿੱਧ ਆਦਮੀ ਸੀ। ਉਸ ਨੇ ਸਰਵ ਆਰੰਬ (ਸਭ ਪਾਪ ਕਰਮਾਂ) ਨੂੰ ਛੱਡ ਕੇ ਇੰਗਤ ਮਰਨ ਨੂੰ ਧਾਰਨ ਕੀਤਾ। ਉਸ ਸਮੇਂ ਆਪਣੀ ਬੇਇੱਜ਼ਤੀ ਦੇ ਕਾਰਨ ਸ਼ਤਰੂਜੇ ਨਾਉਂ ਦੇ ਰਾਜਾ ਨੇ ਉਸ ਦੀ ਦੇਹ ਨੂੰ ਜਲਾ ਦਿੱਤਾ। ਇਸ ਪ੍ਰਕਾਰ ਜਲਾਏ ਜਾਣ ਤੇ ਵੀ ਉਹ ਸਮਾਧੀ ਮਰਨ ਦੇ ਉੱਤਮ ਅਰਥ ਨੂੰ ਪ੍ਰਾਪਤ ਹੋਇਆ। ॥73-74॥

ਨਾਲੰਦਾ ਨਗਰੀ ਵਿੱਚ ਅਭੈ ਘੋਸ਼ ਨਾਂ ਦਾ ਰਾਜਾ ਰਾਜ ਕਰਦਾ ਸੀ। ਸਮਾਂ ਪਾ ਕੇ ਉਸ ਨੇ ਪੁੱਤਰ ਨੂੰ ਰਾਜ ਸੰਭਾਲ ਦਿੱਤਾ ਅਤੇ ਧਰਮ ਅਰਾਧਨਾ ਕਰਨ ਲੱਗਾ। ਸ਼ੋਕ ਰਹਿਤ ਤੇ ਸੰਜਮੀ ਉਹ ਅਭੈ ਘੋਸ਼ ਮੁਨੀ ਨੇ ਸਮਾਂ ਪਾ ਕੇ ਸ਼ਰੁਤ ਗਿਆਨ ਦੇ ਅਰਥ ਅਤੇ ਰਹੱਸ ਵਿੱਚ ਮਾਹਿਰ ਹੋ ਗਿਆ। ਕਿਸੇ ਸਮੇਂ ਉਹ ਕਾਕੰਦੀਪੁਰ ਪਹੁੰਚਿਆ। ਉਥੋਂ ਚੰਡ ਬੇਗ ਨਾਂ ਦੇ ਆਦਮੀ ਨੇ ਉਨ੍ਹਾਂ ਦੀ ਦੇਹ ਨੂੰ ਛਿੰਨ ਭਿੰਨ ਕਰ ਦਿੱਤਾ। ਇਸ ਪ੍ਰਕਾਰ ਦੇਹ ਛਿੰਨ ਭਿੰਨ ਕੀਤੇ ਜਾਣ ਤੇ ਵੀ ਉਹ ਸਮਾਧੀ ਮਰਨ ਦੇ ਉੱਤਮ ਅਰਥ ਨੂੰ ਪ੍ਰਾਪਤ ਹੋਇਆ। ॥75-77॥

ਕੋਸਾਂਬੀ ਨਗਰ ਵਿੱਚ 32 ਆਦਮੀਆਂ ਦਾ ਇੱਕ ਮਿੱਤਰ ਸਮੂਹ ਪ੍ਰਸਿੱਧ ਸੀ। ਸ਼ਰੁਤ ਗਿਆਨ ਦੇ ਡੂੰਘੇ ਜਾਣਕਾਰ ਉਨ੍ਹਾਂ 32 ਮਿੱਤਰਾਂ ਨੇ ਅੰਤਿਮ ਸਮੇਂ ਪਾਦੋਪਗਮਨ ਸੰਥਾਰਾ ਗ੍ਰਹਿਣ ਕੀਤਾ। ਉਸ ਸਮੇਂ ਨਦੀ ਵਿੱਚ ਹੜ੍ਹ ਆ ਜਾਣ ਕਾਰਨ ਉਹ ਪਾਣੀ ਦੇ ਵਿਚਕਾਰ ਡੁੱਬ ਗਏ ਅਤੇ ਸ਼ਰੀਰ ਪ੍ਰਤੀ ਮਮਤਾ ਦੇ ਤਿਆਗ ਕਾਰਨ ਸਮਾਧੀ ਮਰਨ ਦੇ ਉੱਤਮ ਅਰਥ ਨੂੰ ਪ੍ਰਾਪਤ ਹੋਏ। ॥78-79॥

ਕੁਣਾਲ ਨਗਰ ਵਿੱਚ ਵੈਸਰਮਣ ਦਾਸ ਨਾਂ ਦਾ ਰਾਜਾ ਸੀ। ਉਸ ਦਾ ਮੰਤਰੀ ਮਿਥਿਆ (ਗਲਤ) ਦਰਿਸ਼ਟੀ (ਵਿਸ਼ਵਾਸ ਵਾਲਾ) ਸੀ। ਉੱਥੇ ਗਣੀ ਪਿਟਕ, ਅੰਗ ਸ਼ਾਸਤਰਾਂ, ਮੁਨੀਆਂ ਵਿੱਚੋਂ ਸ਼ਰੇਸ਼ਟ ਰਿਸ਼ਵਸੇਨ ਨਾਂ ਦੇ ਅਚਾਰਿਆ ਸਨ, ਜੋ ਸ਼ਰੁਤ ਗਿਆਨ ਦੇ ਮਹਾਨ ਜਾਣਕਾਰ ਸਨ। ਉਨ੍ਹਾਂ ਦੇ ਸਿੰਘ ਸੇਨ ਨਾਂ ਦਾ ਪ੍ਰਧਾਨ ਚੇਲਾ ਅਨੇਕਾਂ ਸ਼ਾਸਤਰਾਂ ਦੇ ਅਰਥ ਦਾ ਜਾਣਕਾਰ ਸੀ। ਕਿਸੇ ਸਮੇਂ ਧਰਮ ਚਰਚਾ ਵਿੱਚ ਹਾਰ ਜਾਣ ਤੇ ਉਹ (ਚੇਲਾ) ਰੁਸ ਗਿਆ। ਨਿਰਦਈ ਹੋ ਕੇ, ਉਸ ਨੇ ਅੱਗ ਲਗਾ ਕੇ ਆਪਣੇ ਗੁਰੂ (ਆਚਾਰਿਆ) ਨੂੰ ਜਲਾ ਦਿੱਤਾ। ਇਸ ਪ੍ਰਕਾਰ ਅੱਗ ਵਿੱਚ ਜਲਦੇ ਹੋਏ ਵੀ ਉਸ ਆਚਾਰਿਆ ਨੇ ਸਮਾਧੀ ਮਰਨ ਦੇ ਉੱਤਮ ਅਰਥ ਨੂੰ ਪ੍ਰਾਪਤ ਕੀਤਾ। ॥ 80-83॥

ਯੁਵਰਾਜ ਕੁਰੂਦਤ ਵੀ ਸਿੰਬਲਿਫਲੀ ਦੀ ਤਰ੍ਹਾਂ ਅੱਗ ਵਿੱਚ ਜਲ ਗਏ ਸਨ। ਇਸ ਪ੍ਰਕਾਰ ਜਲ ਕੇ ਵੀ ਉਨ੍ਹਾਂ ਸਮਾਧੀ ਮਰਨ ਦੇ ਅਰਥ ਨੂੰ ਪ੍ਰਾਪਤ ਕੀਤਾ। ॥84॥

ਚਿਲਾਤੀ ਪੁੱਤਰ ਮੁਨੀ ਦੇ ਸ਼ਰੀਰ ਨੂੰ ਕੀੜੀਆਂ ਨੇ ਛਲਣੀ ਦੀ ਤਰ੍ਹਾਂ ਬਣਾ ਦਿੱਤਾ। ਇਸ ਪ੍ਰਕਾਰ ਖਾਏ ਜਾਣ ਤੇ ਵੀ ਉਨ੍ਹਾਂ ਸਮਾਧੀ ਮਰਨ ਦੇ ਉੱਤਮ ਅਰਥ ਨੂੰ ਪ੍ਰਾਪਤ ਕੀਤਾ। ॥85॥

ਮੁਨੀ ਰਾਜਸਕੁਮਾਲ ਗੀਲੇ ਚਮੜੇ ਦੀ ਤਰ੍ਹਾਂ ਸੈਂਕੜੇ ਕਿੱਲੇ ਠੋਕ ਕੇ ਜਮੀਨ ਵਿੱਚ ਕਸ ਦਿੱਤੇ ਗਏ। ਇਸ ਤਰ੍ਹਾਂ ਕਸੇ ਜਾਣ ਤੇ ਵੀ ਉਹ ਉਤਮ ਅਰਥ ਨੂੰ ਪ੍ਰਾਪਤ ਹੋਏ। ॥86॥

ਅਰਹੰਤ ਭਗਵਾਨ ਮਹਾਵੀਰ ਦੇ ਦੋ ਚੇਲੇ ਮੰਖਲੀਪੁਤਰ ਗੋਸ਼ਾਲਕ ਨੇ ਤੇਜੋਲੇਸ਼ਿਆ ਨਾਲ ਜਲਾ ਦਿੱਤੇ ਗਏ। ਇਸ ਪ੍ਰਕਾਰ ਤੇਜੋ ਲੇਸ਼ਿਆ ਵਿੱਚ ਜਲਾਏ ਜਾਣ ਤੇ ਸਮਾਧੀ ਮਰਨ ਦੇ ਉੱਤਮ ਅਰਥ ਨੂੰ ਪ੍ਰਾਪਤ ਕੀਤਾ। ॥87॥

## ਖਿੰਮਾ ਭਾਵਨਾ

ਤਿੰਨ ਗੁਪਤੀ ਨੂੰ ਠੀਕ ਤਰ੍ਹਾਂ ਜਾਣਕਾਰ ਸਮਾਧੀ ਮਰਨ ਲਈ ਸੰਘ ਦੇ ਵਿਚਕਾਰ ਗੁਰੂ ਦੀ ਇਜ਼ਾਜਤ ਲੈ ਕੇ ਆਹਾਰ (ਖਾਣ ਪੀਣ ਦੀ ਮਰਿਆਦਾ ਰਖਨਾ) ਸਭ ਪ੍ਰਕਾਰ ਦੇ ਭੋਜਨ ਦਾ ਜੀਵਨ ਭਰ ਲਈ ਪਖਾਣ (ਤਿਆਗ) ਕਰਦਾ ਹੈ ਜਾਂ ਖਾਲੀ ਪੀਣ ਵਾਲੇ ਪਦਾਰਥ ਗ੍ਰਹਿਣ ਕਰਦਾ ਹੈ। ਉਨ੍ਹਾਂ ਪੀਣ

ਵਾਲੇ ਪਦਾਰਥਾਂ ਨੂੰ ਵੀ ਯੋਗ ਸਮੇਂ ਤੇ ਉਹ ਮੁਨੀ ਤਿਆਗ ਦਿੰਦਾ ਹੈ। ॥88-89॥

ਵੈਰਾਗ ਭਾਵ ਨੂੰ ਨਿਰਮਲ ਕਰਦਾ ਹੋਇਆ ਮੁਨੀ ਮਨ, ਬਚਨ, ਕਾਇਆ ਰਾਹੀਂ ਪਹਿਲਾ ਕੀਤੇ ਕਰਾਏ ਅਤੇ ਠੀਕ ਮੰਨੇ ਅਪਰਾਧਾਂ ਦੇ ਲਈ ਸਾਰੇ ਸੰਘ ਤੋਂ ਖਿਮਾ ਯਾਚਨਾ ਕਰਦਾ ਹੈ। ॥90॥

ਹੇ ਆਰਿਆ! ਇਸ ਪ੍ਰਕਾਰ ਕਾਂਟੇ ਤੋਂ ਰਹਿਤ ਹੋ ਕੇ ਆਪਣੇ ਸਾਰੇ ਦੋਸ਼ਾਂ ਦੇ ਲਈ ਮੈਂ ਖਿਮ੍ਹਾ ਯਾਚਨਾ ਕਰਦਾ ਹਾਂ। ਮਾਂ ਪਿਓ ਦੀ ਤਰ੍ਹਾਂ ਸਾਰੇ ਜੀਵ ਮੈਨੂੰ ਖਿਮਾ ਕਰਨ। ॥91॥

ਧੀਰਜਵਾਨ ਪੁਰਸ਼ਾਂ ਦੇ ਲਈ ਅਤੇ ਸਤ ਪੁਰਸ਼ਾਂ ਰਾਹੀਂ ਆਚਰਣ ਇਹ ਸਮਾਧੀ ਮਰਨ ਦੀ ਜੋ ਆਦਮੀ ਸ਼ਿਲਾ ਤੇ ਸਥਿਤ ਹੋ ਕੇ ਸਾਧਨ ਕਰ ਉੱਤਮ ਅਰਥ ਨੂੰ ਪ੍ਰਾਪਤ ਕਰਦਾ ਹੈ ਉਹ ਧਰਮ ਹੈ। ॥92॥

ਹੇ ਸਾਧਕ ਨਰਕ, ਪਸ਼ੂ, ਮਨੁੱਖ ਤੇ ਦੇਵ ਸਭ ਵਿੱਚ ਰਹਿ ਕੇ ਤੁਸੀਂ ਜੋ ਦੁੱਖ ਸੁੱਖ ਭੋਗੇ ਹਨ, ਇੱਕ ਚਿੱਤ ਹੋ ਕੇ ਉਨ੍ਹਾਂ ਦਾ ਚਿੰਤਨ ਕਰ। ॥93॥

ਹੇ ਸਾਧਕ! ਨਰਕ ਗਤਿ ਦੇ ਰਾਹੀਂ ਤੁਲਨਾ ਰਹਿਤ ਸਪਸ਼ਟ ਤੇ ਪੀੜ ਨੂੰ ਅਤੇ ਭਿੰਨ ਭਿੰਨ ਪ੍ਰਕਾਰ ਦੇ ਕਸ਼ਟਾਂ ਨੂੰ ਤੁਸੀਂ ਅਨੰਤਵਾਰ ਭੋਗਿਆ ਹੈ। ਦੇਵ ਗਤਿ ਤੇ ਮਨੁੱਖ ਗਤਿ ਵਿੱਚ ਇੱਕ ਦੁਸ਼ਟ ਦੇ ਕਾਰਨ ਦੁੱਖ ਕਲੇਸ਼ ਨੂੰ ਅਨੇਕਾਂ ਵਾਰ ਅਨੁਭਵ ਕੀਤਾ ਹੈ। ਇਸੇ ਪ੍ਰਕਾਰ ਪਸ਼ੂ ਗਤਿਆਂ ਨੂੰ ਤੁਸੀਂ ਬਹੁਤ ਕਸ਼ਟ ਝੱਲਿਆ ਹੈ। ਜਿਸ ਪ੍ਰਕਾਰ ਤੂੰ ਜਨਮ ਮਰਨ ਰੂਪੀ ਚੱਕਰ ਵਿੱਚ ਲਗਾਤਾਰ ਘੁੰਮ ਰਿਹਾ ਹੈ। ॥94-96॥

ਹੇ ਗਿਆਨੀ! ਜੀਵ ਤੂੰ ਅਨੰਤ ਭੂਤ ਕਾਲਾਂ ਤੋਂ ਸੰਸਾਰ ਤੇ ਆਵਾਗਮਨ ਵਿੱਚ ਘੁੰਮ ਰਿਹਾ ਹੈ। ਇਸ ਪ੍ਰਕਾਰ ਅਨੰਤ ਜਨਮ ਮਰਨ ਦਾ ਅਨੁਭਵ ਤੇਰੀ ਆਤਮਾ ਨੇ ਕੀਤਾ ਹੈ। ॥97॥

ਮੌਤ ਤੋਂ ਬੜਾ ਕੋਈ ਡਰ ਨਹੀਂ ਹੈ। ਇਸ ਲਈ ਹੇ ਸਾਧਕ! ਜਨਮ ਮਰਨ ਰੂਪੀ ਕਸ਼ਟ ਦੇ ਕਾਰਨ ਇਸ ਸ਼ਰੀਰ ਪ੍ਰਤੀ ਮਮਤਾ ਨੂੰ ਤੂੰ ਛੱਡ ਦੇ। ॥98॥

ਹੇ ਗਿਆਨੀ ਆਤਮਾ! ਸ਼ਰੀਰ ਹੋਰ ਹੈ ਅਤੇ ਆਤਮ ਹੋਰ ਹੈ। ਇਸ ਲਈ ਤੂੰ ਨਿਸ਼ਚੈ ਬੁੱਧੀ ਨਾਲ ਦੁੱਖ ਤੇ ਕਲੇਸ਼ ਦਾ ਕਾਰਨ ਇਸ ਸ਼ਰੀਰ ਦਾ ਮੋਹ ਛੱਡ ਦੇ। ॥99॥

ਸ਼ਰੀਰ ਦੀ ਪ੍ਰਤੀ ਮਮਤਾ ਰੂਪੀ ਦੋਸ਼ ਦੇ ਕਾਰਨ ਸੰਸਾਰ ਵਿੱਚ ਸਥਿਤ ਕਿੰਨੀਆ ਆਤਮਾਵਾਂ ਨੇ ਸ਼ਰੀਰਕ ਤੇ ਮਾਨਸਿਕ ਦੁੱਖਾਂ ਨੂੰ ਅਨੰਤ ਵਾਰ ਭੋਗਿਆ ਹੈ। ਇਸ ਲਈ ਹੇ ਗਿਆਨੀ! ਜੇ ਤੂੰ ਮੋਕਸ਼ ਦੀ ਇੱਛਾ ਰਖਦਾ ਹੈਂ ਤਾਂ ਸਰੀਰ ਦੇ ਬਾਹਰਲੇ ਤੇ ਅੰਦਰਲੇ ਪਰਿਗ੍ਰਹਿ ਪ੍ਰਤੀ ਮਮਤਾ ਦਾ ਤਿਆਗ ਕਰ। ॥100-101॥

ਸੰਸਾਰ ਦਾ ਆਧਾਰ ਭੂਤ, ਧਰਮ ਸੰਘ ਅਰਥਾਤ ਸਾਧੂ, ਸਾਧਵੀ, ਸ਼੍ਰਾਵਕ, (ਉਪਾਸ਼ਕ) ਸ਼੍ਰਾਵਿਕਾ (ਉਪਾਸਿਕਾ) ਰੂਪੀ ਚਹੁ ਮੁਖੀ ਸੰਘ, ਮੇਰੇ ਸਾਰੇ ਅਪਰਾਧ ਮੁਆਫ ਕਰੇ। ਗੁਣਾਂ ਦੇ ਸਮੂਹ ਸੰਘ ਨੂੰ ਮੈਂ ਸ਼ੁੱਧ ਭਾਵ ਨਾਲ ਖਿਮ੍ਹਾ ਕਰਦਾ ਹਾਂ। ॥102॥

ਅਚਾਰਿਆ, ਉਪਾਧਿਆ, ਸ਼ਿਸ਼ ਪਰਿਵਾਰ, ਸਹਿ ਧਰਮੀ, ਪਰਿਵਾਰ ਦੇ ਮੈਂਬਰ, ਗਣ ਵਾਸੀ ਦੇ ਪ੍ਰਤੀ ਮੇਰੇ ਰਾਹੀਂ ਕੀਤੇ ਗਏ ਜੋ ਕਸ਼ਾਏ (ਕਰੋਧ, ਮਨ, ਮਾਇਆ, ਲੋਭ) ਹਨ, ਉਨ੍ਹਾਂ ਸਭ ਦੇ ਲਈ ਦੇ ਤਿੰਨ ਪ੍ਰਕਾਰ ਮਨ, ਬਚਨ, ਕਾਇਆ ਤੋਂ ਖਿਮਾ ਯਾਚਨਾ ਕਰਦਾ ਹਾਂ। ॥104॥

ਜਿਨੇਂਦਰ ਭਗਵਾਨ ਦੇ ਧਰਮ ਪ੍ਰਤੀ ਮੈਂ ਸ਼ਰਧਾ ਰਖਣ ਵਾਲਾ ਸਾਰੇ ਪ੍ਰਾਣੀ ਸਮੂਹ ਤੋਂ ਅੰਤਕਰਨ ਪੂਰਵ ਖਿਮਾ ਯਾਚਨਾ ਕਰਦਾ ਹਾਂ ਅਤੇ ਮੈਂ ਵੀ ਸਭ ਨੂੰ ਖਿਮਾ ਕਰਦਾ ਹਾਂ। ॥105॥

ਆਪਣੇ ਦੋਸ਼ਾਂ ਦੀ ਇਸ ਪ੍ਰਕਾਰ ਖਿਮਾ ਯਾਚਨਾ ਕਰ ਅਨੁਤਰ ਤਪ ਤੇ ਸਮਾਧੀ ਤੇ ਸਵਾਰ ਹੋਇਆ ਸਾਧਕ ਸੰਸਾਰ ਦਾ ਕਾਰਨ ਅਤੇ ਮੋਕਸ਼ ਦੀ ਰੁਕਾਵਟ ਕਰਮਾਂ ਨੂੰ ਨਸ਼ਟ ਕਰਦਾ ਘੁੰਮਦਾ ਹੈ। ਇੱਕ ਲੱਖ ਕਰੋੜ ਅਸ਼ੁਭ ਜਨਮਾਂ ਦੇ ਰਾਹੀਂ ਜੋ ਅਸੰਖਿਆਤ ਕਰਮ ਬੰਧ ਕੀਤਾ ਹੋਵੇ, ਉਨ੍ਹਾਂ ਕਰਮਾਂ ਦਾ ਸੰਥਾਰੇ ਤੇ ਸਵਾਰ ਹੋ ਕੇ ਇੱਕ ਪਲ ਵਿੱਚ ਉਹ ਸਾਧਕ ਦੂਰ ਕਰ ਦਿੰਦਾ ਹੈ। ॥106-107॥

ਸਮਾਧੀ ਮਰਨ ਦੀ ਸਾਧਨਾ ਕਰਨ ਵਾਲੇ ਸਾਧੂ ਨੂੰ ਸਮਾਧੀ ਭਾਵ ਦੀ ਸਾਧਨਾ ਵਿੱਚ ਵਿਘਨ ਉਤਪੰਨ ਕਰਨ ਵਾਲਾ ਨਸ਼ਟ ਉਤਪਨ ਹੋ ਜਾਵੇ ਤਾਂ ਉਸ ਨੂੰ ਸ਼ਾਂਤ ਕਰਨ ਦੇ ਲਈ ਉਸ ਸਾਧੂ ਨੂੰ ਸਿੱਖਿਆ ਦਿੰਦੇ ਹਨ। ॥108॥

ਭਿਅੰਕਰ ਸ਼ਿਕਾਰੀ ਪਸ਼ੂਆਂ ਵਾਲੇ ਪਰਬਤ ਦੇ ਉਪਰ ਸਰੀਰ ਦੇ ਸੰਸਕਾਰਾਂ ਤੋਂ ਰਹਿਤ ਹੋ ਕੇ, ਜੋ ਸ਼ਰੇਸ਼ਟ ਮੁਨੀਗਣ ਆਪਣੇ ਸੰਥਾਰੇ ਤੋਂ ਸੁਆਰ ਕਰਦੇ ਹਨ। ਉਹ ਅਤਿ ਬੁੱਧੀਮਾਨ, ਬ੍ਰਹਮਚਾਰੀ ਮੁਨੀ ਸ਼ਿਕਾਰੀ ਪਸ਼ੂਆਂ ਦੇ ਖਾਏ ਜਾਣ ਤੇ ਵੀ ਉੱਤਮ ਅਰਥ ਨੂੰ ਪ੍ਰਾਪਤ ਕਰਦੇ ਹਨ। ਇਸ ਪ੍ਰਕਾਰ ਆਖਿਆ ਗਿਆ ਹੈ। ॥109-110॥

ਜੋ ਸਮਾਧੀ ਮਰਨ ਦੇ ਰਾਹੀ ਉੱਤਮ ਅਰਥ (ਮੋਕਸ਼) ਦੀ ਪ੍ਰਾਪਤੀ ਨਹੀਂ ਹੁੰਦੀ ਹੋਵੇ, ਉਸ ਵਿੱਚ ਧਰਿਜ ਤੇ ਮਨ ਅਨੁਸਾਰ ਚੱਲਣ ਵਾਲੇ ਸਹਾਇਕ ਮੁਨੀ ਦੇ ਹੋਣ ਦਾ ਕੀ ਲਾਭ? ॥111॥

ਜੀਵ ਹੋਰ ਹੈ ਤੇ ਸਰੀਰ ਹੋਰ ਹੈ। ਇਹ ਮੰਨਣ ਵਾਲਾ ਆਤਮਾ ਦੇ ਘਰ ਰੂਪ ਸ਼ਰੀਰ ਦੇ ਤਿਆਗੀ ਗਿਆਨੀ ਮੁਨੀ, ਧਰਮ ਦੀ ਸਾਧਨਾ ਕਰਨ ਲਈ ਸ਼ਰੀਰ ਨੂੰ ਤਿਆਗ ਦਿੰਦੇ ਹਨ। ॥112॥

ਕਸ਼ਟਾਂ ਨੂੰ ਸਮਭਾਵ ਨਾਲ ਸਹਿਣ ਕਰਦਾ ਹੋਇਆ ਸੰਥਾਰੇ ਤੇ ਸੁਆਰ ਉਹ ਵਿਦਵਾਨ ਪ੍ਰਾਚੀਨ ਅਤੇ ਉਤਪਨ ਹੋਏ ਕਰਮਾਂ ਦੀ ਕਲੰਕ ਰੂਪੀ ਬੇਲ ਨੂੰ ਤੋੜ ਦਿੰਦਾ ਹੈ। ॥113॥

ਅਗਿਆਨੀ ਮਨੁੱਖ ਜਿੰਨਾ ਕਰਮਾਂ ਦਾ ਕਰੋੜਾਂ ਸਾਲਾਂ ਵਿੱਚ ਖਾਤਮਾ ਕਰਦਾ ਹੈ, ਉਨ੍ਹਾਂ ਕਰਮਾਂ ਨੂੰ ਤਿੰਨ ਗੁਪਤੀ ਦਾ ਧਾਰਕ, ਮੁਨੀ ਇੱਕ ਸਾਹ ਨਾਲ ਹੀ ਖਤਮ ਕਰ ਦਿੰਦਾ ਹੈ। ॥114॥

ਅਗਿਆਨੀ ਮਨੁੱਖ ਅਨੇਕਾਂ ਜਨਮਾਂ ਵਿੱਚ ਪਾਪ ਕਰਮਾਂ ਦੀਆਂ ਜੋ ਅੱਠ ਪ੍ਰਕਾਰ ਦੀਆਂ ਮੂਲ ਪ੍ਰਾਕ੍ਰਿਤੀਆਂ ਦਾ ਇੱਕਠ ਕਰਦਾ ਹੈ, ਉਨ੍ਹਾਂ ਨੂੰ ਤਿੰਨ ਗੁਪਤੀ ਦਾ ਧਾਰਕ ਮੁਨੀ ਇੱਕ ਸਾਹ ਵਿੱਚ ਖਤਮ ਕਰ ਦਿੰਦਾ ਹੈ। ॥115॥

ਸ਼ਰੇਸ਼ਟ ਗੁਰੂ ਦੀ ਛਤਰ ਛਾਇਆ ਵਿੱਚ ਜੋ ਧਰਿ ਆਦਮੀ ਸਮਾਧੀ ਮਰਨ ਨਾਲ ਦੇਹ ਤਿਆਗ ਦਿੰਦਾ ਹੈ, ਕਰਮ ਰੂਪ ਮੈਲ ਨੂੰ ਘੱਟ ਕਰਨ ਵਾਲਾ

ਉਹ ਮਨੁੱਖ ਉਸੇ ਜਨਮ ਜਾਂ ਜ਼ਿਆਦਾ ਤੋਂ ਜ਼ਿਆਦਾ ਤੀਸਰੇ ਜਨਮ ਵਿੱਚ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ॥116॥

ਸਮਿਤੀ ਤੇ ਗੁਪਤੀ ਰੂਪੀ ਗੁਣਾਂ ਨਾਲ ਭਰਪੂਰ ਤਪ, ਨਿਯਮ, ਸੰਜਮ, ਰੂਪੀ ਮੁਕਟ ਨੂੰ ਧਾਰਨ ਕਰਨ ਵਾਲਾ ਅਤੇ ਬਡਮੁੱਲਾ ਸਮਿਅੱਕ ਗਿਆਨ, ਸਮਿਅੱਕ ਦਰਸ਼ਨ, ਸਮਿਅੱਕ ਚਰਿੱਤਰ ਰੂਪੀ ਤਿੰਨ ਰਤਨਾਂ ਦਾ ਸੰਪਾਦਕ ਸੰਘ, ਇੰਦਰਾਂ ਤੋਂ ਯੁਕਤ ਸਵਰਗ, ਮਨੁੱਖ ਤੇ ਅਸੁਰ ਲੋਕ ਵਿੱਚ ਮੁਸ਼ਕਿਲ ਤੋਂ ਵਿਸ਼ੁੱਧ ਹੈ ਅਤੇ ਮਹਾਂ ਮੁਕਟ ਰੂਪ ਹੈ। ॥117-118॥

ਗਰਮੀ ਵਿੱਚ ਚੰਦਰਮਾ ਤੇ ਸੂਰਜ ਦੀ ਹਜਾਰਾਂ ਕਿਰਣਾ ਨਾਲ ਕੜਾਹੇ ਦੀ ਤਰ੍ਹਾਂ ਜਲਦੀ ਸ਼ਿਲਾ ਤੇ ਧਿਆਨ ਮਘਨ ਚਿਤ ਨਾਲ ਸੁਖ ਗਿਆਨ, ਦਰਸ਼ਨ ਚਰਿੱਤਰ ਰਾਹੀਂ ਲੋਕ ਤੇ ਜੀਵ ਪ੍ਰਾਪਤ ਕਰਕੇ ਸਮਾਧੀ ਪੂਰਣ ਮਰਨ ਵਾਲਾ ਸਾਧਕ ਚੰਦਰਕ ਵੈਦਵਯ ਨੂੰ ਪ੍ਰਾਪਤ ਕਰ ਕੇਵਲੀਆਂ ਦੀ ਤਰ੍ਹਾਂ ਉੱਤਮ ਲੇਸ਼ਿਆਵਾਂ ਦਾ ਤੇ ਚਲਕੇ ਉੱਤਮ ਅਰਥ ਨੂੰ ਪ੍ਰਾਪਤ ਕਰਦਾ ਹੈ। ॥119=121॥

ਇਸ ਪ੍ਰਕਾਰ ਮੇਰੇ ਰਾਹੀਂ ਪ੍ਰਸੰਸਾ ਕੀਤਾ ਸੰਥਾਰਾ ਰੂਪੀ ਸਰੇਸ਼ਟ ਹਾਥੀ ਤੇ ਸਵਾਰ ਆਦਮੀਆਂ ਵਿੱਚ ਚੰਦਰਮਾ ਦੀ ਤਰ੍ਹਾਂ ਸਰੇਸ਼ਟ ਸ਼੍ਰਮਣਾਂ ਨੂੰ ਸੁੱਖ ਸਮਾਧੀ ਮਰਨ ਪ੍ਰਦਾਨ ਕਰਨ। ॥122॥

## ਟਿੱਪਣੀਆਂ

ਸਲੋਕ: 24 (22) ਪਰਿਸੇ, ਸੰਜਮ ਦੇ ਰਾਹ ਦੀਆਂ ਰੁਕਾਵਟਾਂ ਜੋ ਇਸ ਪ੍ਰਕਾਰ ਹਨ; 1. ਭੁੱਖ 2. ਪਿਆਸ, 3. ਠੰਡ, 4. ਗਰਮੀ, 5. ਮੱਛਰਾਂ ਦਾ ਸੰਕਟ, 6. ਅਚੇਲ (ਕੱਪੜੇ ਦਾ ਸੰਕਟ), 7. ਅਰਤਿ (ਅਰੁਚਿ), 8. ਇਸਤਰੀ, 9. ਚਰਿਆਂ (ਸਫਰ ਦਾ ਸੰਕਟ), 10. ਨਿਸ਼ਧਾ (ਇੱਕਲਾਪਣ), 11. ਸੱਯਾ (ਵਿਛੌਣੇ ਦਾ ਕਸ਼ਟ), 12. ਅਕਰੋਸ਼ (ਕਠੋਰ ਵਾਕ), 13. ਬੱਧ (ਕਤਲ), 14. ਯਾਚਨਾ (ਭੀਖ), 15. ਅਲਾਭ (ਹਾਨੀ), 16. ਰੋਗ, 17. ਘਾਹ ਫੁਸ ਚੁਭਣਾ, 18. ਜੱਲ (ਮੈਲ), 19. ਆਦਰ ਸਤਿਕਾਰ ਵਿੱਚ ਕਮੀ, 20. ਪ੍ਰਗਿਆ (ਸਮਝ ਘੱਟ ਹੋਣਾ), 21. ਅਗਿਆਨਤਾ, 22. ਦਰਸ਼ਨ (ਧਰਮ ਪ੍ਰਤੀ ਵਿਸ਼ਵਾਸ) ਇਨ੍ਹਾਂ ਰੁਕਾਵਟਾਂ ਨੂੰ ਰੋਕ ਕੇ ਸਾਧੂ, ਸਾਧੂ ਧਰਮ ਦਾ ਪਾਲਣ ਕਰੇ।

ਸਲੋਕ: 34 ਤਿੰਨ ਕੰਡੇ, ਤਿੰਨ ਦੰਢ; 1. ਮਨ, 2. ਬਚਨ, 3. ਕਾਇਆ।

ਸਲੋਕ: 37 ਤਿੰਨ ਗੁਪਤੀ; 1. ਮਨ, 2. ਬਚਨ, 3. ਕਾਇਆ।

ਸਲੋਕ: 38 ਤਿੰਨ ਹੰਕਾਰ; 1. ਰਿਧਿ, 2. ਰਸ, 3. ਸੁੱਖ, ਇਨ੍ਹਾਂ ਨੂੰ ਤਿੰਨ ਗੌਰਵ ਵੀ ਕਿਹਾ ਜਾਂਦਾ ਹੈ।

ਸਲੋਕ: 39 4 ਵਿਕਥਾ; 1. ਇਸਤਰੀ ਕਥਾ, 2. ਭੱਤ (ਭੋਜਨ) ਕਥਾ, 3. ਦੇਸ਼ ਕਥਾ, 4. ਰਾਜ ਕਥਾ, ਇਨ੍ਹਾਂ ਦੀ ਪ੍ਰਸੰਸਾ ਦੇ ਕਿੱਸੇ ਕਹਾਣੀਆਂ ਵਰਨਣ ਕਰਨਾ ਸਾਧੂ ਨੂੰ ਮਨ੍ਹਾ ਹੈ।

ਸਲੋਕ: 41 6 ਛੇ ਕਾਇਆ ਜੀਵਾਂ ਦੀਆਂ ਪ੍ਰਮੁੱਖ ਛੇ ਕਿਸਮਾਂ ਹਨ। 1. ਪ੍ਰਿਥਵੀ, 2. ਅਗਨੀ, 3. ਹਵਾ, 4. ਪਾਣੀ, 5. ਬਨਸਪਤੀ, 6. ਤੱਰਸ (ਹਿੱਲਣ ਚੱਲਣ ਵਾਲੇ ਮੋਟੇ ਜੀਵ)

ਸਲੋਕ: 42 ਅੱਠ ਹੰਕਾਰ (ਮਦ) ਇਸ ਪ੍ਰਕਾਰ ਹਨ; 1. ਜਾਤ, 2. ਕੁਲ, 3. ਬਲ, 4. ਰੂਪ, 5. ਤਪ, 6. ਸ਼ਰੁਤ (ਗਿਆਨ), 7. ਲਾਭ, 8. ਏਸ਼ਵਰਿਆ (ਧਨ - ਦੋਲਤ)

ਅੱਠ ਪ੍ਰਕਾਰ ਦੇ ਕਰਮ: 1. ਗਿਆਨਵਰਨੀਆਂ (ਅਗਿਆਨਤਾ), 2. ਦਰਸ਼ਨਾਵਰਨੀਆ, 3. ਵੇਦਨਿਆ, 4. ਮੋਹਨੀਆ, 5. ਅੰਤਰਾਏ (ਰੁਕਾਵਟ ਦਾ ਕਾਰਨ) 6. ਨਾਮ, 7. ਗੋਤਰ, 8. ਆਯੁਸ਼ (ਉਮਰ)

ਸ਼ਲੋਕ: 43 ਨੌਂ ਪ੍ਰਕਾਰ ਦੇ ਬ੍ਰਹਮਚਰਜ ਇਸ ਪ੍ਰਕਾਰ ਪਾਲਣ ਕਰਕੇ ਆਪਣਾ ਬ੍ਰਹਮਚਰਜ ਦਾ ਪਾਲਣ ਕੀਤਾ ਜਾਂਦਾ ਹੈ; 1. ਵਿਵਿਕਕਤ ਵਨਤੀ ਸੇਵਨ (ਇਸਤਰੀ ਪੁਰਸ਼ ਨਪੁੰਸ਼ਕ ਤੋਂ ਰਹਿਤ ਥਾਂ ਤੇ ਰੁਕਣਾ), 2. ਇਸਤਰੀ ਕਥਾ ਨਾ ਕਰਨਾ, 3. ਨਿਸ਼ਧਾਨੁਪਵੇਸ਼ਨ (ਇਸਤਰੀ ਨਾਲ ਇਕਲੇ ਇਕੋ ਥਾਂ ਤੇ ਬੈਠਣਾ, 4. ਇਸਤਰੀ ਅੰਗ ਦਰਸ਼ਨ, 5. ਕੁੜਯਾਤੰਰ ਸ਼ਬਦ-ਸਵਰਾਦਿ ਵਰਜਨ (ਇਸਤਰੀਆਂ ਦੇ ਪਿਆਰੇ ਗੀਤ ਰੂਪ ਨੂੰ ਵੇਖਣਾ), 6. ਪਿਛਲੇ ਭੋਗੇ ਭੋਗਾਂ ਦਾ ਸਿਮਰਣ, 7. ਵਿਸ਼ੇ ਵਿਕਾਰ ਵਾਲੇ ਭੋਜਨ ਦਾ ਤਿਆਗ, 8. ਅਤਿਮਾਨ (ਜ਼ਿਆਦਾ ਭੋਜਨ ਦਾ ਤਿਆਗ), 9. ਵਿਭੂਸ਼ਾ (ਸਿੰਗਾਰ) ਦਾ ਤਿਆਗ, 10. ਦਸ ਪ੍ਰਕਾਰ ਦਾ ਸ਼੍ਰਮਣ ਧਰਮ ਇਸ ਪ੍ਰਕਾਰ ਹੈ; 1. ਕਸ਼ਾਂਤੀ (ਕਰੋਧ ਨਾ ਕਰਨਾ), 2. ਮਾਰਦਵ (ਮਿੱਠਾ ਵਰਤਾਓ), 3. ਆਰਜਵ (ਸ਼ਰਲਤਾ), 4. ਮੁਕਤੀ (ਨਿਰਲੋਭਤਾ), 5. ਤਪ, 6. ਸੰਜਮ, 7. ਸੱਚ ਬੋਲਣਾ, 8. ਸ਼ੋਚ (ਸੰਜਮ ਪ੍ਰਤੀ ਪਵਿੱਤਰਤਾ), 9. ਅਕਿੰਚਨਿਆ (ਪਰਿਗ੍ਰਹਿ ਨਾ ਰੱਖਣਾ), 10. ਬ੍ਰਹਮਚਰਜ।

ਸ਼ਲੋਕ: 61-62 ਪ੍ਰਤਿਮਾਵਾਂ ਤੋਂ ਭਾਵ ਉਪਾਸਨਾ ਵਿਧੀ ਹੈ। ਸਾਧੂ ਦੀਆਂ 12 ਪ੍ਰਤਿਮਾਵਾਂ ਹਨ, ਜੋ ਇਸ ਪ੍ਰਕਾਰ ਹਨ:-

| ਲੜੀ ਨੰਬਰ | ਪ੍ਰਤਿਮਾਵਾਂ | ਅੰਨ ਦੀ ਮਾਤਰਾ | ਵਰਤ ਦੇ ਦਿਨ | ਵਰਤ ਖੋਲ੍ਹਣ ਦੇ ਦਿਨ | ਵਿਸ਼ੇਸ਼ |
|---|---|---|---|---|---|
| 1. | ਪਹਿਲੀ ਪ੍ਰਤਿਮਾ | ਇੱਕ ਮੁੱਠੀ ਅੰਨ ਤੇ ਇੰਨਾ ਹੀ ਪਾਣੀ ਇਸ ਨੂੰ ਇੱਕ ਦਤੀ ਆਖਦੇ ਹਨ। | ਇੱਕ ਮਹੀਨਾ | 1 | ਇੱਕ ਆਦਮੀ ਦੇ ਭੋਜਨ 'ਚੋਂ ਭੋਜਨ ਲੈਣਾ |
| 2. | ਦੂਸਰੀ ਤੋਂ ਸੱਤਵੀ | 2 ਦਤੀ ਅੰਨ + 2 ਦਤੀ ਪਾਣੀ ਤੋਂ 7 ਦਤੀ ਅੰਨ + 7 ਦਤੀ ਪਾਣੀ | 2 ਤੋਂ 7 ਮਹੀਨੇ | 2 - 7 ਦਿਨ | |

| | | | | | |
|---|---|---|---|---|---|
| 3. | 8ਵੀਂ ਪ੍ਰਤਿਮਾ | ਇੱਕ ਵਾਰ ਭੋਜਨ | 8 ਦਿਨ ਤੇ 8 ਰਾਤ | - | ਪਿੰਡ ਦੇ ਬਾਹਰ ਆਕਾਸ਼ ਵੱਲ ਮੂੰਹ ਕਰਕੇ ਸੌਣਾ, ਇਕੋ ਕਰਵਟ ਰੱਖਣਾ, ਪੈਰਾਂ ਨੂੰ ਬਰਾਬਰ ਕਰਕੇ ਖੜ੍ਹਨਾ ਜਾਂ ਬੈਠਣਾ। |
| 4. | 9ਵੀਂ ਪ੍ਰਤਿਮਾ | ਦੋ-ਦੋ ਵਾਰਤਾਂ ਤੋਂ ਬਾਅਦ ਭੋਜਨ | 7 ਦਿਨ + 7 ਰਾਤ | - | ਏਕਾਂਤ ਵਿੱਚ ਧਿਆਨ |
| 5. | 10ਵੀਂ ਪ੍ਰਤਿਮਾ | ਬਿਨ੍ਹਾਂ ਭੋਜਨ ਤੋਂ ਤਿੰਨ ਤਿੰਨ ਵਰਤ ਫਿਰ ਭੋਜਨ | 7 ਦਿਨ + 7 ਰਾਤ | - | ਗੋ ਦੁਹਿਕਾ ਆਸਨ ਵਿੱਚ। |
| 6. | 11ਵੀਂ ਪ੍ਰਤਿਮਾ | 2 ਵਰਤ ਬਿਨ੍ਹਾ | 2 ਵਰਤ | - | ਵਡਿਆਸਨ ਵਿੱਚ। |
| 7. | 12ਵੀਂ ਪ੍ਰਤਿਮਾ | ਇੱਕ ਦਿਨ + ਇੱਕ ਰਾਤ ਵੱਧ ਤੋਂ ਵੱਧ 3 ਵਰਤ | 1 ਦਿਨ + 1 ਰਾਤ | - | ਸ਼ਹਿਰ ਤੋਂ ਬਾਹਰ ਧਿਆਨ ਪਿੰਡ ਤੋਂ ਬਾਹਰ ਇੱਕ ਵਸਤੂ ਤੇ ਟਿਕਾਇਆ ਜਾਂਦਾ ਹੈ ਅਤੇ ਹਰ ਕਸ਼ਟ ਨੂੰ ਖੁਸ਼ੀ ਨਾਲ ਝੱਲਿਆ ਜਾਂਦਾ ਹੈ। |

ਸ਼ਲੋਕ: 70 ਪੰਜ ਮਹਾਂਵਰਤ; 1. ਅਹਿੰਸਾ, 2. ਸੱਚ, 3. ਚੋਰੀ ਨਾ ਕਰਨਾ, 4. ਅਪਰਿਗ੍ਰਹਿ, 5. ਬ੍ਰਹਮਚਰਜ

ਪੰਜ ਸਮਿਤੀ: 1. ਈਰੀਆ ਸਮਿਤਿ-ਦੇਖਭਾਲ ਕੇ ਚੱਲਣਾ, 2. ਭਾਸ਼ਾ - ਪਾਪਕਾਰੀ ਭਾਸ਼ਾ ਦਾ ਤਿਆਗ, 3. ਏਸ਼ਨਾ- ਦੇਖਭਾਲ ਕੇ ਭੋਜਨ, ਵਸਤਰ ਤੇ ਭਾਂਡੇ ਗ੍ਰਹਿਣ ਕਰਨਾ, 4. ਆਦਾਨ ਨਿਕਸ਼ੇਪ- ਦੇਖਭਾਲ ਕੇ ਵਸਤਾਂ ਰੱਖਣਾ ਤੇ ਲੈਣਾ, 5. ਪਰਿਸ਼ਟਾਪਨਾ - ਠਕਿ ਥਾਂ ਤੇ ਮਲ- ਮੂਤਰ ਦਾ ਤਿਆਗ।